# ਅੰਮ੍ਰਿਤ ਕੀਰਤਨ

MRIT KIRTAN

ਅੰਕ : 4
ਸਤੰਬਰ, 1989


ਭਾਈ ਹੀਰਾ ਸਿੰਘ ਰਾਗੀ
ਵਿਸ਼ੇਸ਼ ਅੰਕ

अमृत कीर्तन

ਸੰਪਾਦਕ (ਆਨਰੇਰੀ)
ਡਾ. ਜਗੀਰ ਸਿੰਘ



ਭਾਈ ਹੀਰਾ ਸਿੰਘ ਰਾਗੀ



ਜਨਮ 1879-ਦੇਹਾਂਤ 2 ਸਤੰਬਰ 1926

# ਅੰਮ੍ਰਿਤ ਕੀਰਤਨ

अमृत कीर्तन **Amrit Kirtan**

ਅੰਕ : 4 ਸਤੰਬਰ 1989

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੰਮਲ
ਡਾ. ਸਤੀਸ਼ ਸੈਨਨ
ਸ੍ਰ. ਕੁਲਦੀਪ ਸਿੰਘ
ਪ੍ਰੋ. ਮਨਜੀਤ ਸਿੰਘ

ਚਿੱਤਰਕਾਰ :
ਸ੍ਰ. ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ - 160015
ਫੋਨ : 24560

### ਚੰਦੇ ਦਾ ਵੇਰਵਾ

ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਸੂਚੀ

1. ਕਰਉ ਬੇਨੰਤੀਆਂ — ਜਾਗੀਰ ਸਿੰਘ 2
2. ਤੁਹਾਡੇ ਪੱਤਰ 3
3. ਭਾਈ ਹੀਰਾ ਸਿੰਘ (ਰਾਗੀ) — ਬਲਜੀਤ ਕੌਰ ਤੁਲਸੀ 7
4. ਰਾਗ ਆਸਾ ਡਾ. ਗੁਰਨਾਮ ਸਿੰਘ 12
5. ਸੰਗੀਤ ਲਿਪੀ - ਭਾਈ ਅਵਤਾਰ ਸਿੰਘ — ਭਾਈ ਗੁਰਚਰਨ ਸਿੰਘ 13
6. ਭਾਈ ਹੀਰਾ ਸਿੰਘ ਰਾਗੀ ਦੀ ਯਾਦ — ਪ੍ਰੋਫੈਸਰ ਪੂਰਨ ਸਿੰਘ ਜੀ 16
7. ਭਾਈ ਹੀਰਾ ਸਿੰਘ ਜੀ — ਮੇਜਰ ਆਗਿਆਪਾਲ ਸਿੰਘ (ਰਿ) 19
8. Bhai Sahib Bhai Hira Singh Ragi — Saran Singh 29
9. ਭਾਈ ਹੀਰਾ ਸਿੰਘ ਜੀ - ਪ੍ਰਿੰਸੀਪਲ ਸਤਿਬੀਰ ਸਿੰਘ 31
10. ਮੈਂ ਅੱਖੀਂ ਡਿੱਠਾ - ਬਾਬਾ ਪ੍ਰੇਮ ਸਿੰਘ ਹੋਤੀ 34
11. एक अलोकिक घटना डा. कर्म चन्द दिल्ली 37
12. ਸਮਾਚਾਰ 38

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਕਰਉ ਬੇਨੰਤੀਆ :

ਭਾਈ ਹੀਰਾ ਸਿੰਘ ਜੀ ਸਾਡੀ ਸੰਸਕ੍ਰਿਤੀ ਦੇ ਉਹ ਮਾਣਕ ਸਨ ਜਿਨ੍ਹਾਂ ਨੂੰ ਜਿੰਨਾ ਵੀ ਯਾਦ ਕਰੀਏ ਉਨਾ ਹੀ ਸਾਨੂੰ ਲਾਭ ਪ੍ਰਾਪਤ ਹੁੰਦਾ ਹੈ। ਉਹਨਾਂ ਨੇ ਆਪਣੀ ਸਾਧਨਾ ਰਾਹੀਂ ਕੀਰਤਨ ਕਲਾ ਨੂੰ ਜੋ ਸਿਖਰਾਂ ਬਖਸ਼ੀਆਂ ਅਤੇ ਇੱਕ ਕੀਰਤਨੀਏ ਦਾ ਸ੍ਰੇਸ਼ਟ ਮਾਡਲ ਬਣ ਕੇ ਕੀਰਤਨੀਆਂ ਦੀ ਜਿਹੜੀ ਸ਼ਾਨ ਕਾਇਮ ਕੀਤੀ ਉਸ ਅੱਗੇ ਸਾਡਾ ਸਿਰ ਆਪਣੇ ਆਪ ਝੁਕ ਜਾਂਦਾ ਹੈ।

ਸਾਡੀ ਪੀੜ੍ਹੀ ਦੇ ਲੋਕਾਂ ਨੂੰ ਉਹਨਾਂ ਦੇ ਕੀਰਤਨ ਦਾ ਰਸ ਮਾਣਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ (ਕਾਸ਼! ਵਰਤਮਾਨ ਸਮੇਂ ਵਾਂਗ ਕੀਰਤਨ ਨੂੰ ਰਿਕਾਰਡ ਕਰਨ ਦਾ ਉਦੋਂ ਵੀ ਕੋਈ ਆਮ ਪ੍ਰਬੰਧ ਹੁੰਦਾ) ਫਿਰ ਵੀ ਹਣ ਦੇ ਬਜ਼ੁਰਗਾਂ ਭਾਈ ਸਾਹਿਬ ਦੇ ਸਮਕਾਲੀ ਲੇਖਕਾਂ ਅਤੇ ਪ੍ਰਸਿੱਧ ਵਿਅਕਤੀਆਂ ਦੀਆਂ ਲਿਖਤਾਂ ਰਾਹੀਂ ਉਹਨਾਂ ਦੇ ਕੀਰਤਨ ਦੇ ਜੋ ਪ੍ਰਭਾਵ ਸਾਡੇ ਤੱਕ ਪੁੱਜੇ ਹਨ ਉਹਨਾਂ ਤੋਂ ਉਹਨਾਂ ਦੇ ਉੱਚੇ-ਸੁੱਚੇ ਜੀਵਨ ਅਤੇ ਪਰਪੱਕ ਕਲਾ ਦਾ ਅਨੁਮਾਨ ਹੁੰਦਾ ਹੈ। ਉਹਨਾਂ ਦੀ ਯਾਦ ਵਿੱਚ ਚਲ ਰਹੀਆਂ ਸੰਸਥਾਵਾਂ ਅਤੇ ਦਿੱਤੇ ਜਾਂਦੇ ਵਜ਼ੀਫੇ/ਅਵਾਰਡ ਆਦਿ ਵੀ ਉਹਨਾਂ ਦੀ ਵਡਿਆਈ ਦੇ ਸੂਚਕ ਹਨ।

ਭਾਈ ਸਾਹਿਬ ਦੇ ਕੀਰਤਨ ਵਿੱਚ ਲੁਕਾਈ ਦੇ ਮਨਾਂ ਨੂੰ ਠਾਰਨ ਅਤੇ ਉਚਿਆਉਣ ਦੇ ਗੁਣ ਤਾਂ ਮੌਜੂਦ ਸਨ ਹੀ, ਕੀਰਤਨ ਰਾਹੀਂ ਆਈ ਮਾਇਆ ਨੂੰ ਜਿਵੇਂ ਉਹ ਪਰਉਪਕਾਰ ਲਈ ਵਰਤਦੇ ਸਨ ਉਹ ਆਪਣੇ ਆਪ ਵਿੱਚ ਇਕ ਵਿਰਲੀ ਮਿਸਾਲ ਹੈ। ਭਾਈ ਸਾਹਿਬ ਦੀਆ ਪ੍ਰਸ਼ੰਸਾਯੋਗ ਪ੍ਰਾਪਤੀਆਂ ਸਾਨੂੰ ਇਹ ਦ੍ਰਿੜ ਕਰਾਉਂਦੀਆਂ ਹਨ ਕਿ ਲੋਕ-ਮਨ ਉਹਨਾਂ ਨੂੰ ਹੀ ਹਮੇਸ਼ਾ ਯਾਦ ਰੱਖਦਾ ਹੈ ਜਿਹੜੇ ਆਪਣੇ ਹੁਨਰ ਨੂੰ ਸਰਬੱਤ ਦੇ ਭਲੇ ਲਈ ਵਰਤਦੇ ਹਨ।

ਨਿਸਚੇ ਹੀ ਭਾਈ ਸਾਹਿਬ ਦੀ ਯਾਦ ਵਿੱਚ ਸਥਾਪਤ ਸੰਸਥਾਵਾਂ ਨੇ ਬੜੇ ਸ਼ਲਾਘਾਯੋਗ ਅਤੇ ਅਤੇ ਉਸਾਰੂ ਕਾਰਜ ਕੀਤੇ ਹਨ। ਅਦਾਰਾ 'ਅੰਮ੍ਰਿਤ ਕੀਰਤਨ' ਉਹਨਾਂ ਦੇ ਪਰਵਾਰ ਦੇ ਸਹਿਯੋਗ ਨਾਲ ਭਾਈ ਸਾਹਿਬ ਨੂੰ ਇਸ ਅੰਕ ਰਾਹੀਂ ਸ਼ਰਧਾਂਜਲੀ ਭੇਟ ਕਰਦਾ ਹੈ।

## ਕੁਝ ਹੋਰ

ਜਿਵੇਂ ਜਿਵੇਂ ਸਾਨੂੰ ਪਾਠਕਾਂ ਵਲੋਂ ਸੁਝਾਅ ਆਉਂਦੇ ਹਨ ਤਿਵੇਂ ਤਿਵੇਂ ਅਸੀਂ 'ਅੰਮ੍ਰਿਤ ਕੀਰਤਨ' ਨੂੰ ਵੱਧ ਤੋਂ ਵੱਧ ਸਾਰਥਕ ਬਣਾਉਣ ਦਾ ਜਤਨ ਕਰਦੇ ਹਾਂ। ਇਸ ਅਨੁਸਾਰ ਹੇਠ ਲਿਖੇ ਕੁਝ ਨਵੇਂ ਵਾਧੇ ਕਰਨ ਦੀ ਯੋਜਨਾ ਹੈ।

1. ਸੰਗੀਤ ਸਬੰਧੀ ਮੁੱਢਲੀ ਜਾਣਕਾਰੀ ਦੇਣ ਲਈ ਇਸ ਦੇ ਬੁਨਿਆਦੀ ਸੰਕਲਪਾਂ ਦਾ ਸੰਖੇਪ ਵਰਣਨ ਕੀਤਾ ਜਾਵੇਗਾ।
2. ਪਾਠਕਾਂ ਦੇ ਸੰਗੀਤ ਨਾਲ ਸਬੰਧਤ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣਗੇ।
3. ਇਸ ਵਿਸ਼ੇਸ਼ ਅੰਕ ਵਾਂਗ ਉੱਘੇ ਕੀਰਤਨੀਆਂ ਦੀ ਯਾਦ ਵਿੱਚ ਸਮੇਂ ਸਮੇਂ ਵਿਸ਼ੇਸ਼ ਅੰਕ ਕੱਢੇ ਜਾਣਗੇ।

ਆਪ ਨੇ ਆਪਣੇ ਆਲੇ ਦੁਆਲੇ ਹੋ ਰਹੀਆਂ ਕੀਰਤਨ ਅਤੇ ਸੰਗੀਤ ਸਰਗਰਮੀਆਂ ਬਾਰੇ ਖਬਰਾਂ/ਰਿਪੋਰਟਾਂ ਭੇਜਣ ਦੀ ਖੇਚਲ ਕਰਨੀ। ਅਸੀਂ ਛਾਪਣ ਦੀ ਖੁਸ਼ੀ ਲਵਾਂਗੇ।

ਆਸ ਹੈ ਕਿ ਤੁਸੀਂ ਆਪਣੇ ਸੁਝਾਵਾਂ ਰਾਹੀਂ ਇਸ ਪੱਤਰ ਨੂੰ ਚੰਗੇਰਾ ਬਣਾਉਣ ਲਈ ਅਗਵਾਈ ਦਿੰਦੇ ਰਹੋਗੇ।

ਆਨਰੇਰੀ ਸੰਪਾਦਕ
ਜਾਗੀਰ ਸਿੰਘ

'ਅੰਮ੍ਰਿਤ ਕੀਰਤਨ' ਦੀ ਕਾਪੀ ਲਈ ਸ਼ੁਕਰੀਆ। ਨਾ ਕੇਵਲ ਪਰਚੇ ਦੀ ਦਿਖ ਹੀ ਦਿਲਕਸ਼ ਹੈ ਸਗੋਂ ਪ੍ਰੋਸੀ ਗਈ ਸਮੱਗਰੀ ਵੀ ਨਿੱਗਰ ਅਤੇ ਵਧੀਆ ਹੈ। ਗੁਰਬਾਣੀ ਸੰਗੀਤ ਪੰਜਾਬੀ ਸੱਭਿਆਚਾਰਕ ਵਿਰਸੇ ਦਾ ਇੱਕ ਅਤਿ ਮਹੱਤਵਪੂਰਨ ਅੰਗ ਹੈ ਜਿਸ ਦੀ ਸਾਂਭ ਸੰਭਾਲ ਪ੍ਰਚਾਰ-ਸੰਚਾਰ ਇੱਕ ਬਹੁਮੁੱਲਾ ਸਾਰਥਕ ਸਮਾਜਕ ਕਾਰਜ ਹੈ। ਇਸ ਦਿਸ਼ਾ ਵੱਲ ਤੁਹਾਡਾ ਇਹ ਨਿਗਰ ਉੱਦਮ ਬਹੁਤ ਸ਼ਲਾਘਾਯੋਗ ਹੈ। ਜਿਸ ਲਈ ਤੁਸੀਂ ਤੁਹਾਡੇ ਸਹਿਯੋਗੀਆਂ ਸਮੇਤ ਹਰ ਸੰਗੀਤ-ਰਸੀਏ ਦੀ ਹਾਰਦਿਕ ਵਧਾਈ ਦੇ ਪਾਤਰ ਹੋ।

**ਮੇਜਰ ਪਿਆਰਾ ਸਿੰਘ**
1954, ਫੇਜ਼ 10, ਮੁਹਾਲੀ

'ਅੰਮ੍ਰਿਤ ਕੀਰਤਨ' ਦੀ ਕਾਮਯਾਬੀ ਲਈ ਵੱਧ ਤੋਂ ਵੱਧ ਜਤਨ ਕੀਤਾ ਜਾਵੇਗਾ। ਆਪ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ।

**ਅਜੀਤ ਸਿੰਘ 'ਅਜੀਤ'**
B.A.B.T. (Gyani)
ਰਾਮਗੜ੍ਹੀਆ, ਸੀਨੀਅਰ ਸੈਕੰਡਰੀ ਸਕੂਲ
ਮਿਲਰਗੰਜ ਲੁਧਿਆਣਾ।

'ਅੰਮ੍ਰਿਤ ਕੀਰਤਨ' ਦਾ ਪ੍ਰਵੇਸ਼ ਅੰਕ-2 ਪ੍ਰਾਪਤ ਹੋਇਆ ਧੰਨਵਾਦ! ਰਸਾਲੇ ਦੀ ਦਿੱਖ ਬੜੀ ਸੁੰਦਰ ਹੈ, ਲੇਖ ਚੰਗੇ ਹਨ। ਇਹ ਰਸਾਲਾ ਕੱਢਣ ਦਾ ਆਪ ਦਾ ਉਦੱਮ ਪ੍ਰਸ਼ੰਸਾਯੋਗ ਹੈ। ਇਹ ਇੱਕ ਵਿਲੱਖਣ ਜਿਹੀ ਵਸਤੂ ਲਗਦੀ ਹੈ। ਇੰਜ ਜਾਪਦਾ ਹੈ ਜਿਵੇਂ ਤੁਸਾਂ ਇੱਕ ਅਣਵਾਹੀ ਅੱਪੜ ਧਰਤੀ ਤੇ ਪੈਰ ਰੱਖ ਲਿਆ ਹੋਵੇ। ਤੁਹਾਡੀ ਮੰਜ਼ਲ ਦੂਰ ਲਗਦੀ ਹੈ, ਪਰੰਤੂ ਆਸ ਹੈ ਕਿ ਤੁਸੀਂ ਆਪਣੀ ਮਿਹਨਤ, ਇਮਾਨਦਾਰੀ, ਲਗਨ ਅਤੇ ਚੰਗੇ ਵਿਸ਼ਵਾਸ਼ ਸਦਕਾ ਰਸਤੇ ਦੀਆਂ ਔਕੜਾਂ ਪਾਰ ਕਰਦੇ ਹੋਏ ਮਿਥੇ ਗਏ ਟੀਚਿਆਂ ਨੂੰ ਪ੍ਰਾਪਤ ਕਰ ਲਓਗੇ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਤੁਸੀਂ ਆਪਣੇ ਮਕਸਦ ਵਿੱਚ ਕਾਮਯਾਬ ਹੋਵੋ।

**ਪ੍ਰੀਤਮ ਸਿੰਘ ਸੋਢੀ**
ਪੀ. ਈ. ਐਸ (ਰਿ.)
3035/27-ਡੀ, ਚੰਡੀਗੜ੍ਹ।

'ਅੰਮ੍ਰਿਤ ਕੀਰਤਨ' ਦਾ ਜੂਨ ਅੰਕ ਤੇ ਹੁਣ ਜੁਲਾਈ ਅੰਕ ਮਿਲਿਆ ਹੈ। ਤੁਹਾਡੇ ਉੱਦਮ ਦੀ ਦਾਦ ਦੇਣ ਨੂੰ ਜੀ ਚਾਹੁੰਦਾ ਹੈ ਕਿਉਂਕਿ ਜੋ ਕੰਮ ਤੁਸੀਂ ਆਰੰਭ ਕੀਤਾ ਹੈ ਇਹ ਸ਼੍ਰੋਮਣੀ ਕਮੇਟੀ, ਚੀਫ ਖਾਲਸਾ ਦੀਵਾਨ ਜਾਂ ਫਿਰ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜ਼ਿੰਮੇ ਆਉਂਦਾ ਸੀ, ਸਿੱਖ ਧਰਮ ਵਿੱਚ ਕੀਰਤਨ ਨੂੰ ਇੱਕ ਅਤਿ ਵਿਸ਼ੇਸ਼ ਦਰਜਾ ਪ੍ਰਾਪਤ ਹੈ ਅਤੇ ਗੁਰੂ ਸਾਹਿਬਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਰਾਗਾਂ ਵਿੱਚ ਰਚ ਕੇ ਸੰਗੀਤ ਦੇ ਮਹੱਤਵ ਤੇ ਬੱਲ ਦਿੱਤਾ ਹੈ, ਕੁਝ ਸਿੱਖ ਸੰਸਥਾਵਾਂ ਨੇ ਸਿੱਖ ਇਤਿਹਾਸ, ਫਿਲਾਸਫੀ

ਅਤੇ ਵਿਚਾਰਧਾਰਾ ਉੱਤੇ ਤਾਂ ਕਾਫ਼ੀ ਨਿੱਗਰ ਕੰਮ ਕੀਤਾ ਹੈ ਪਰ ਗੁਰਬਾਣੀ-ਸੰਗੀਤ ਉੱਤੇ ਇਨ੍ਹਾਂ ਵਲੋਂ ਵਿਸ਼ੇਸ਼ ਖੋਜ ਨਹੀਂ ਕੀਤੀ ਗਈ ਅਤੇ ਨਾ ਹੀ ਪਰੰਪਰਾਗਤ ਚਲੀਆਂ ਆ ਰਹੀਆਂ ਬੰਦਸ਼ਾਂ ਅਤੇ ਰੀਤਾਂ ਨੂੰ ਹੀ ਯੋਗ ਢੰਗ ਨਾਲ ਲਿੱਪੀਬੱਧ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਦੋ ਦਹਾਕੇ ਪਹਿਲਾਂ ਪ੍ਰਸਿੱਧ ਰਈਸ ਸ. ਗਿਆਨ ਸਿੰਘ ਐਬਟਾਬਾਦ ਦੁਆਰਾ ਸ਼ਬਦ ਰੀਤਾਂ ਦੀ ਲਿੱਪੀਬੱਧ ਪੁਸਤਕ ਪ੍ਰਕਾਸ਼ਿਤ ਕੀਤੀ ਸੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਪੰਥ ਦੇ ਪ੍ਰਸਿੱਧ ਕੀਰਤਨੀਏ ਗੁਰਪੁਰਵਾਸੀ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਦੁਆਰਾ ਇਕ ਪੁਸਤਕ ਪ੍ਰਕਾਸ਼ਿਤ ਕੀਤੀ ਹੈ, ਪਰੰਤੂ ਇਨ੍ਹਾਂ ਯਤਨਾਂ ਤੋਂ ਇਲਾਵਾ ਵਿਸ਼ਾਲ ਤੌਰ ਤੇ ਬੰਦਿਸ਼ਾਂ ਅਤੇ ਰੀਤਾਂ ਦੀ ਸਾਂਭ ਸੰਭਾਲ ਦਾ ਕੋਈ ਨਿੱਗਰ ਯਤਨ ਨਹੀਂ ਕੀਤਾ ਗਿਆ।

ਇਸ ਸੰਦਰਭ ਵਿੱਚ ਇਹ ਦੱਸਣਾ ਆਵਸ਼ਕ ਹੈ ਕਿ ਭਾਰਤ ਤੋਂ ਦੂਰ ਬੈਠੇ ਭਾਈ ਅਮੀਰ ਸਿੰਘ ਜੀ ਨੇ ਸਿੰਘਾਪੁਰ ਵਿੱਚ ਅੱਜ ਤੋਂ 30 ਸਾਲ ਪਹਿਲਾਂ ਗੁਰੂ ਨਾਨਕ ਸਤਸੰਗ ਸਭਾ, ਸਿੰਘਾਪੁਰ ਦੀ ਸਥਾਪਨਾ ਕੀਤੀ ਅਤੇ ਹੁਣ ਤੱਕ ਉਹ ਸੈਂਕੜੇ ਦੀ ਗਿਣਤੀ ਵਿੱਚ ਕੀਰਤਨ ਦੀਆਂ ਮੂਲ ਟੇਪਾਂ ਤਿਆਰ ਕਰ ਚੁੱਕੇ ਹਨ, ਇਨ੍ਹਾਂ ਮੂਲ ਟੇਪਾਂ ਦੀਆਂ ਕਾਪੀਆਂ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਬਣਾ ਕੇ ਵਿਸ਼ਵ ਭਰ ਦੇ ਕੀਰਤਨ ਪ੍ਰੇਮੀਆਂ ਨੂੰ ਲਾਗਤ ਮੁੱਲ ਤੇ ਉਪਲਬਧ ਕਰਾਈਆਂ ਹਨ, ਦੁਨੀਆਂ ਦੇ ਹਰ ਕੋਨੇ ਵਿੱਚ ਗੁਰੂ ਨਾਨਕ ਸਤਸੰਗ ਸਭਾ ਦੀਆਂ ਟੇਪਾਂ ਕੀਰਤਨ ਪ੍ਰੇਮੀ ਸਿੱਖ ਪਰਿਵਾਰਾਂ ਪਾਸ ਵੇਖੀਆਂ ਜਾ ਸਕਦੀਆਂ ਹਨ, ਸਿੰਘਾਪੁਰ ਦੀ ਸਭਾ ਦੀਆਂ ਟੇਪਾਂ ਵਿੱਚ ਉਨ੍ਹਾਂ ਰਾਗੀ ਜਥਿਆਂ ਦੀਆਂ ਟੇਪਾਂ ਵੀ ਹਨ ਜੋ ਹੁਣ ਗੁਰਪੁਰੀ ਸਿਧਾਰ ਚੁੱਕੇ ਹਨ, ਜਿਵੇਂ ਕਿ ਭਾਈ ਸੁਰਜਣ ਸਿੰਘ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਗੁਪਾਲ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਜ਼ਖਮੀ ਆਦਿ। ਭਾਰਤ ਵਿੱਚ ਅੱਜ ਤੱਕ ਕਿਸੇ ਵੀ ਸਿੱਖ ਸੰਸਥਾ ਵੱਲੋਂ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ। ਕੁਝ ਵਪਾਰਕ ਸੰਸਥਾਵਾਂ – ਅੰਮ੍ਰਿਤ ਵਾਣੀ, ਸਰਬ ਸਾਂਝੀ ਗੁਰਬਾਣੀ, ਮਿਊਜ਼ੀਕਲ ਪੀਪਲ ਆਫ ਇੰਡੀਆ, ਮਿਊਜ਼ੀਕਲ ਵਾਇਸ ਆਫ ਇੰਡੀਆ, ਵੈਸਟਨ, ਅੰਮ੍ਰਿਤ ਰਸ ਆਦਿ ਨੇ ਅਵਸ਼ ਟੇਪਾਂ ਬਣਾਉਣ ਦੀ ਸੇਵਾ ਕੀਤੀ ਹੈ। ਇਨ੍ਹਾਂ ਕੰਪਨੀਆਂ ਚੋਂ ਟੈਕਸਲਾ (ਸਰਬ ਸਾਂਝੀ ਗੁਰਬਾਣੀ) ਕੰਪਨੀ ਦੇ ਮੁਖੀ ਸਰਦਾਰ ਰਾਜਾ ਸਿੰਘ ਦਾ ਨਾਂ ਵਿਸ਼ੇਸ਼ ਸਤਿਕਾਰ ਦਾ ਸਥਾਨ ਰਖਦਾ ਹੈ ਕਿਉਂਕਿ ਆਪ ਨੇ ਨਾਂ ਕੇਵਲ ਸ਼ਬਦ ਕੀਰਤਨ ਦੀਆਂ ਆਡੀਓ ਟੇਪਾਂ ਬਣਾਈਆਂ, ਨਾਲ ਹੀ ਵੀਡੀਓ ਟੇਪਾਂ ਦਾ ਵੀ ਨਿਰਮਾਣ ਕਰਨਾ ਆਰੰਭ ਕੀਤਾ ਅਤੇ ਇਸ ਸਭ ਤੋਂ ਉੱਪਰ ਆਪ ਕਈ ਸਾਲ ਦੇਸ਼ ਪ੍ਰੇਮੀਆਂ ਨੂੰ ਹਰ ਐਤਵਾਰ ਦੀ ਸਵੇਰੇ ਟੀ. ਵੀ. ਤੇ 'ਸਰਬ ਸਾਂਝੀ ਗੁਰਬਾਣੀ' ਪ੍ਰੋਗਰਾਮ ਵਿਖਾਉਂਦੇ ਰਹੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਅਤੇ ਸਬੰਧਤ ਰਾਗ ਰਾਗਣੀਆਂ ਦੇ ਵਿਸ਼ੇ ਤੇ ਇੱਕ ਨਹੀਂ ਅਣਗਿਣਤ ਪੁਸਤਕਾਂ ਦੀ ਰਚਨਾ ਕੀਤੀ ਜਾ ਸਕਦੀ ਹੈ। ਆਪ ਨੇ 'ਅੰਮ੍ਰਿਤ ਕੀਰਤਨ' ਦੇ ਪ੍ਰਕਾਸ਼ਨ ਰਾਹੀਂ ਜੋ ਉਪਰਾਲਾ ਆਰੰਭਿਆ ਹੈ ਉਸ ਨੂੰ ਇੱਕ ਅਤਿ ਉੱਤਮ ਯਤਨ ਦਾ ਦਰਜਾ ਦਿੱਤਾ ਜਾ ਸਕਦਾ ਹੈ। ਕੀਰਤਨ ਦੇ ਵਿਦਿਆਰਥੀ

ਤਾਂ ਇਸ ਤੋਂ ਲਾਭ ਉਠਾਣਗੇ ਹੀ, ਹਰ ਗੁਰਸਿੱਖ ਪ੍ਰੇਮੀ ਵੀ ਇਸ ਤੋਂ ਕੀਰਤਨ ਅਤੇ ਰਾਗ ਵਿੱਦਿਆ ਬਾਰੇ ਅਣਮੋਲ ਜਾਣਕਾਰੀ ਪ੍ਰਾਪਤ ਕਰੇਗਾ ।

**ਹਰਚਰਨ ਸਿੰਘ**
ਸਹਾਇਕ ਸੰਪਾਦਕ
'ਦਿ ਸਿੱਖ ਰੀਵਿਉ' ਕਲਕੱਤਾ ।

'ਅੰਮ੍ਰਿਤ ਕੀਰਤਨ' ਪੰਜਾਬੀ ਪਤਰਕਾਰੀ ਦੇ ਇਤਿਹਾਸ ਵਿੱਚ ਇੱਕ ਨਵੇਕਲੀ ਅਤੇ ਨਵੇਂ ਪਹੁੰਚ ਰਾਹੀਂ ਕੀਰਤਨ ਦੀ ਮਹੱਤਤਾ, ਮਹਾਨਤਾ ਦੇ ਆਦਰਸ਼ ਸਦਕਾ ਆਪਣੀ ਪਹਿਚਾਣ ਕਰਾਉਣ 'ਚ ਸਫਲ ਰਿਹਾ ਹੈ। ਸੁਨਹਿਰੇ ਭਵਿਖ ਲਈ ਚੰਗੇ ਉਦੇਸ਼ਾਂ ਦੀ ਪੂਰਤੀ ਜ਼ਰੂਰੀ ਹੁੰਦੀ ਹੈ। ਤੱਪ ਤਿਆਗ, ਤਪਸਿਆ ਅਤੇ ਸਾਧਨਾ ਸਫਲਤਾ ਦੀ ਪੌੜੀ ਹਨ। ਨਿਮ੍ਰਤਾ-ਨਿਰਮਾਣਤਾ ਅਤੇ ਦਰਿੜ ਇਰਾਦੇ ਦੀ ਪਗ-ਡੰਡੀ 'ਅੰਮ੍ਰਿਤ ਕੀਰਤਨ' ਨੂੰ ਟੀਸੀ ਤੇ ਪਹੁੰਚਾ ਸਕਦੀ ਹੈ। ਫਿਰ ਝੱਖੜ, ਹਨੇਰੀਆਂ ਅਤੇ ਵਾ-ਵਰੋਲੇ ਸਾਨੂੰ ਅਗੇ ਵਧਣ ਤੋਂ ਨਹੀਂ ਰੋਕ ਸਕਦੇ।

'ਅੰਮ੍ਰਿਤ ਕੀਰਤਨ' ਰਾਗੀ ਸਿੰਘਾਂ ਲਈ ਵਰਦਾਨ ਦੇ ਰੂਪ 'ਚ ਸਾਮ੍ਹਣੇ ਆਇਆ ਹੈ। ਸਾਡੇ ਸਾਰਿਆਂ ਦਾ ਅਤੇ ਵਿਸ਼ੇਸ਼ ਰੂਪ 'ਚ ਰਾਗੀ ਸਿੰਘਾਂ ਦਾ ਫਰਜ ਬਣਦਾ ਹੈ ਕਿ ਗੁਰਬਾਣੀ 'ਕੀਰਤਨ' ਅਤੇ ਰਾਗ ਵਿੱਦਿਆ ਸੰਬੰਧੀ ਲੇਖਾਂ ਨੂੰ ਗਹੁ ਨਾਲ ਪੜ੍ਹਣ ਅਤੇ ਵਿਚਾਰਨ। ਅੱਜ ਪ੍ਰਚਾਰ ਦੇ ਯੁੱਗ ਵਿੱਚ 'ਅੰਮ੍ਰਿਤ ਕੀਰਤਨ' ਰਾਗੀ ਸਿੰਘਾਂ ਦੀ ਅਵਾਜ਼ ਤੇ ਧੜਕਣ ਹੈ।

ਇਸ ਵਿਚਲੇ ਲੇਖ, ਵਿਸ਼ਾ ਵਸਤੂ ਦੇ ਆਸ਼ੇ ਤੇ ਪੂਰੇ ਉਤਰਦੇ ਹਨ। 'ਤੁਹਾਡੇ ਪੱਤਰ,' ਅਤੇ 'ਸਮਾਚਾਰ' ਦੇ ਭਾਗ ਨੂੰ ਬਣਾਈ ਰਖਣਾ ਜੀ। ਇਹਨਾ ਕਾਲਮਾਂ ਰਾਹੀਂ 'ਅੰਮ੍ਰਿਤ ਕੀਰਤਨ,' ਪਰਿਵਾਰ ਹਰ ਦੁੱਖ-ਸੁੱਖ ਵਿਚ ਭਾਈਵਾਲ ਰਹੇਗਾ।

ਅੰਤ 'ਚ ਨੌਜਵਾਨ ਪੀੜੀ ਲਈ ਗੁਰਮਤਿ ਗਿਆਨ ਦੇ ਉਪਰਾਲੇ ਲਈ ਤੁਸੀਂ ਵਧਾਈ ਦੇ ਪਾਤਰ ਹੋ। ਵਾਹਿਗੁਰੂ ਅੰਗ ਸੰਗ ਸਹਾਈ ਹਵੇ ਅਤੇ ਤੁਹਾਡੀ ਘਾਲ-ਕਮਾਈ ਮਿਠਾ ਫਲ ਸਾਬਤ ਹੋਵੇ।

**ਵਰਿਆਮ ਸਿੰਘ 'ਖ਼ੁਰਾਣਾ'**
ਜਨਰਲ ਸਕੱਤਰ
**ਸ੍ਰੀ ਸੁਖਮਣੀ ਸਾਹਿਬ ਸੇਵਾ ਸੁਸਾਇਟੀ, ਲੁਧਿਆਣਾ**

ਪਰਚਾ ਵਿਦਵਤਾ ਭਰਪੂਰ ਹੈ, ਆਪ ਦਾ ਉਦਮ ਸ਼ਲਾਘਾਯੋਗ ਹੈ, ਮਿਹਨਤ ਕਰਦੇ ਚਲੋ ਸਫਲਤਾ ਮਿਲੇਗੀ।

**ਗਿਆਨ ਸਿੰਘ, ਗੋਬਿੰਦਪੁਰਾ (ਸਿਰਸਾ)**

ਅਜੋਕੇ ਘੋਰ ਕਲਜੁਗ ਵਿੱਚ ਆਪ ਨੇ ਬਹੁਤ ਸ਼ਲਾਘਾ ਯੋਗ ਕਦਮ ਚੱਕਿਆ ਹੈ।

**ਸ. ਗੁਰਦੇਵ ਸਿੰਘ, ਰੁੜਕਾ ਕਲਾਂ**

ਇਹ ਆਪ ਜੀ ਦਾ ਅਤੀ ਸ਼ਲਾਘਾਯੋਗ ਉਦਮ ਤੇ ਉਪਰਾਲਾ ਹੈ। ਹਿਰਦੇ ਦੀਆਂ ਡੂੰਘਾਈਆਂ ਵਿੱਚੋਂ ਮੁਬਾਰਕ-ਬਾਦ ਦੇਂਦਾ ਹਾਂ।

**ਸ. ਸੁਰਿੰਦਰ ਸਿੰਘ 'ਸੋਚ' ਪਟਿਆਲਾ**

## ਨਿਵੇਕਲਾ ਹੁੰਗਾਰਾ

ਦਿੱਲੀ ਤੋਂ ਛਪਦੇ ਪੰਦਰਵਾੜਾ ਪੱਤਰ 'ਗੁਰਸਿੱਖਸੰਜੋਗ' ਨੇ 'ਅੰਮ੍ਰਿਤ ਕੀਰਤਨ' ਨੂੰ ਪ੍ਰਕਾਸ਼ਿਤ ਕੀ
ਜਾਣ ਬਾਰੇ 'ਇਕ ਨਿਵੇਕਲੀ ਮਿਸਾਲ' ਨਾਂ ਹੇਠ ਸੰਪਾਦਕੀ ਲੇਖ ਲਿਖਿਆ ਹੈ। ਆਪਣੇ ਪਾਠਕਾਂ
ਨੂੰ ਇਸ ਮੈਗਜ਼ੀਨ ਬਾਰੇ ਵਾਕਫੀਅਤ ਦਿੰਦੇ ਹੋਏ ਸੰਪਾਦਕ ਨੇ ਇਸ ਮੈਗਜ਼ੀਨ ਨੂੰ ਪੰਜਾਬੀ ਪੱਤਰ-
ਕਾਰੀ ਦੇ ਖੇਤਰ ਵਿੱਚ ਇੱਕ ਨਵੇਕਲੀ ਮਿਸਾਲ ਦੱਸਿਆ ਹੈ। ਆਪਣੇ ਲੰਮੇ ਸੰਪਾਦਕੀ ਵਿੱਚ
ਸੰਪਾਦਕ ਨੇ ਪੰਜਾਬੀ ਪੱਤਰਕਾਰੀ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਪ੍ਰਵੇਸ਼ ਬਾਰੇ ਸੰਖੇਪ ਤੇ ਸੰਕੇਤਕ
ਜਾਣਕਾਰੀ ਦੇ ਕੇ ਅਣਛੋਹੇ ਖੇਤਰਾਂ ਵਿੱਚ ਨਵੇਂ ਮੈਗਜ਼ੀਨ ਕੱਢਣ ਦੀ ਗੱਲ ਕੀਤੀ ਹੈ। ਸੰਜੋਗ
ਦੇ ਸੰਪਾਦਕ ਜੀ ਨੇ ਠੀਕ ਹੀ ਪੰਜਾਬੀ ਪੱਤਰਕਾਰੀ ਵਿੱਚ ਵਿਸ਼ੇ ਤੇ ਤਕਨੀਕ ਪੱਖੋਂ ਵਿਕਾਸ ਨੂੰ
ਸਲਾਹਿਆ ਹੈ। ਉਹਨਾਂ ਨੇ ਕਾਗਜ਼ ਅਤੇ ਛਪਾਈ ਦੀਆ ਵੱਧ ਗਈਆਂ ਕੀਮਤਾਂ ਨੂੰ ਪੱਤਰਕਾਰੀ
ਦੇ ਰਾਹ ਵਿੱਚ ਔਕੜਾਂ ਦੱਸਿਆ ਹੈ।

'ਗੁਰਸਿੱਖ-ਸੰਜੋਗ' ਪੱਤਰ ਵਲੋਂ ਆਖਣੇ ਸੰਪਾਦਕੀ ਵਿੱਚ ਅੰਮ੍ਰਿਤ ਕੀਰਤਨ ਬਾਰੇ ਸਮੁੱਚੀ ਪੰਜਾਬੀ
ਪੱਤਰਕਾਰੀ ਦੇ ਪ੍ਰਸੰਗ ਵਿੱਚ ਜੋ ਸੰਤੁਲਿਤ ਤੇ ਉਸਾਰੂ ਪ੍ਰਸ਼ੰਸਾ ਕੀਤੀ ਗਈ ਹੈ, ਇਹ ਸਾਡੇ ਜਤਨਾਂ
ਲਈ ਇੱਕ ਨਿਵੇਕਲਾ ਹੁੰਗਾਰਾ ਹੈ। ਇਸ ਤੋਂ ਸਾਨੂੰ ਸਹੀ ਦਿਸ਼ਾ ਵਿੱਚ ਤੁਰਨ ਦਾ ਆਭਾਸ
ਹੁੰਦਾ ਹੈ।

With best compliments from :

# J. S. ENTERPRISES

( Regd. Office Delhi )

Distributors :— **SALORA T.V. FOR HIMACHAL**

**Shop No. 20, Sector 1, PARWANOO (H.P.)**

**S.C.O. 2469, Sector 22, Chandigarh.**

Phone : 28436

ਬਰਸੀ ਤੇ ਵਿਸ਼ੇਸ਼

# ਭਾਈ ਹੀਰਾ ਸਿੰਘ (ਰਾਗੀ)

(1879-1926)

ਬਲਜੀਤ ਕੌਰ ਤੁਲਸੀ

ਰਾਗ, ਰੂਹ ਦੀ ਗਜ਼ਾ ਹੈ। ਰਾਗ, ਆਤਮਾ ਦਾ ਵਾਹਣ ਹੈ। ਰਾਗ, ਮਨ ਨੂੰ ਪੰਖ ਲਗਾ ਕੇ ਉਨਮਨ ਦੇ ਮੰਡਲ ਲਿਜਾਣ ਵਾਲਾ ਉੜਨ-ਖਟੋਲਾ ਹੈ। ਰਾਗ, ਨੇਤਰਹੀਣ ਨੂੰ ਨੈਣ ਬਖਸ਼ਦਾ ਹੈ। ਰਾਗ, ਭਾਵ-ਹੀਣ ਅਬੋਲ ਮਨ ਨੂੰ ਬੋਲ ਬਖਸ਼ਦਾ ਹੈ ਰਾਗ, ਮਨ ਦੀ ਧੁੰਦਲੀ ਅਵਸਥਾ ਨੂੰ ਸਪਸ਼ਟਤਾ ਬਖਸ਼ਦਾ ਹੈ। ਰਾਗ, ਮਨ ਤੋਂ ਅਵਿਦਿਆ ਦੇ ਅੰਧੇਰੇ ਨੂੰ ਦੂਰ ਕਰਕੇ, ਗਿਆਨ ਦਾ ਸੂਰਜ ਉਦੈ ਕਰਦਾ ਹੈ। ਰਾਗ, ਮਨ ਦੇ ਸੰਸੇ ਅਤੇ ਭਰਮ ਦੂਰ ਕਰਕੇ ਉਸ ਨੂੰ ਨੂਰੋ ਨੂਰ ਕਰਦਾ ਹੈ। ਰਾਗ, ਜਦੋਂ ਸੁਰ-ਤਾਲ, ਸ਼ਬਦ-ਸੁਰਤ, ਰਸ-ਰੰਗ ਦੇ ਸੁਮੇਲ ਤੋਂ ਉਪਜ, ਪ੍ਰਭੂ ਦੀ ਮਹਿਮਾ ਰਾਹੀਂ ਅਧਿਆਤਮਕ ਮੰਡਲ ਦੇ ਦੁਆਰ ਪਹੁੰਚਦਾ ਹੈ ਤਾਂ ਸਰੋਤਿਆਂ ਦੇ ਭਾਵਾਂ ਨੂੰ ਇਉਂ ਹਿਲੋਰੇ ਦੇਂਦਾ ਹੈ ਜਿਵੇਂ ਪੁਰੇ ਦੀ ਪਵਨ ਸਾਗਰ ਦੀਆਂ ਲਹਿਰਾਂ ਨੂੰ ਹਿਲੋਰੇ ਦੇਂਦੀ ਹੈ। ਰਾਗ ਜਦੋਂ ਸੁਰ-ਤਾਲ ਰਾਹੀਂ ਅਰਥਾਂ ਦੀਆਂ ਪੰਖੜੀਆਂ ਖੋਲ੍ਹਦਾ ਹੈ ਤਾਂ ਹਿਰਦਾ ਇਉਂ ਖੇੜੇ ਵਿੱਚ ਆਉਂਦਾ ਹੈ ਜਿਵੇਂ ਮਧੁਰ ਮਧੁਰ ਪਵਨ ਦੀ ਸਪਰਸ਼ ਨਾਲ ਗੁਲਾਬ ਦਾ ਪੁਸ਼ਪ ਖੇੜੇ ਵਿੱਚ ਆਉਂਦਾ ਹੈ। ਰਾਗ, ਜਦੋਂ, ਸੁਰ-ਤਾਲ, ਸ਼ਬਦ-ਸੁਰਤ, ਰਸ-ਰੰਗ, ਅਰਥ-ਵਿਗਿਆਨ ਨਾਲ ਮੇਲ ਤਾਨ ਗੁਜ਼ਾਰਦਾ ਹੈ ਤਾਂ ਡੋਲਦੇ ਹੋਏ ਮਨਾਂ ਨੂੰ ਟੇਹਣੀ ਦੇ ਕੇ ਸਥਿਰਤਾ ਬਖਸ਼ਤਾ ਹੈ।

ਭਾਈ ਹੀਰਾ ਸਿੰਘ ਜੀ ਦੀ ਸੁਰ-ਤਾਨ ਮੈਂ ਸੁਣ ਨਹੀਂ ਸਕੀ। ਜੀਵਨ ਦੀਆਂ ਪੌੜੀਆਂ ਦੇ ਅੰਤਰ ਕਾਰਣ। ਪਰ ਜਿਨ੍ਹਾਂ ਜਿਨ੍ਹਾਂ ਨੇ ਉਨ੍ਹਾਂ ਨੂੰ ਸੁਣਿਆ ਹੈ, ਉਹ ਦੱਸਦੇ ਹਨ; ਕਿ ਜਦੋਂ ਭਾਈ ਹੀਰਾ ਸਿੰਘ ਜੀ ਸ਼ਬਦ ਗਾਇਨ ਕਰਨ ਲਈ ਬੋਲ ਚੁੱਕਦੇ ਸਨ ਤਾਂ ਸਰੋਤਿਆਂ ਵਿੱਚ ਸਨਾਟਾ ਛਾ ਜਾਇਆ ਕਰਦਾ ਸੀ। ਵੀਹ ਵੀਹ, ਤੀਹ ਤੀਹ ਹਜ਼ਾਰ ਦੀ ਹਾਜ਼ਰੀ ਨੂੰ ਉਹ ਆਪਣੀ ਸੁਰ-ਤਾਨ ਨਾਲ ਕੀਲ ਕੇ ਬਿਠਾ ਲੈਂਦੇ ਸਨ। ਇਹ ਇਕ ਅਲੌਕਿਕ ਕਰਾਮਾਤ ਸੀ। ਇਸ ਕਰਾਮਾਤ ਦਾ ਅੱਖੀਂ ਵੇਖਿਆ ਦ੍ਰਿਸ਼, ਮਲਿਕ ਹਰਦਿਤ ਸਿੰਘ, ਆਈ. ਸੀ. ਐਸ. ਰੀਟਾਇਰਡ ਐਂਬੈਸਡਰ ਵਰਣਨ ਕਰਦੇ ਹਨ। 'ਇਹ ਅਦਭੁਤ ਵਾਕਿਆ 1923 ਦਾ ਹੈ। ਸ੍ਰੀ ਨਨਕਾਣਾ ਸਾਹਿਬ ਵਿਖੇ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਸੀ। ਸ਼ਾਮ ਦਾ ਦਰਬਾਰ ਸੀ। "ਮੈਂ ਸੇਖੂਪੁਰੇ ਜ਼ਿਲੇ ਦਾ ਡਿਪਟੀ ਕਮਿਸ਼ਨਰ ਲੱਗਾ ਹੋਇਆ ਸੀ। ਮੈਂ ਅਹੁਦੇਦਾਰ ਦੀ ਹੈਸੀਅਤ ਵਿੱਚ ਦਰਬਾਰ ਵਿੱਚ ਹਾਜ਼ਰ ਹੋਇਆ ਸਾਂ' ਤਾਂ ਕਿ ਗੁਰਪੁਰਬ ਦੇ ਸਮੇਂ ਸੰਪੂਰਣ ਸ਼ਾਂਤੀ ਰੱਖਣ ਦਾ ਇੰਤਜ਼ਾਮ ਕਾਮਯਾਬ ਹੋ ਸਕੇ। ਅਪਾਰ ਜਨ-ਸਮੂਹ ਸੀ। ਇੱਕ ਲੱਖ ਦੇ ਲੱਗ ਭੱਗ ਲੋਕ ਇੱਕਠੇ ਹੋਏ ਸਨ। ਗੁਰਦੁਆਰੇ ਦੀ ਇਮਾਰਤ, ਬਾਹਰਲੀਆਂ ਡਿਉੜੀਆਂ, ਅਤੇ ਲਾਗਲੀਆਂ ਛੱਤਾਂ ਉੱਪਰ, ਸੰਗਤਾਂ ਸਮੁੰਦਰ ਦੀਆਂ ਲਹਿਰਾਂ ਦੀ ਨਿਆਂਈਂ ਨਜ਼ਰ ਆ ਰਹੀਆਂ ਸਨ। ਸ਼ੋਰ ਐਨਾ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦੇਂਦਾ। ਸ਼ੋਰ ਨੂੰ ਕਾਬੂ ਪਾਣ ਲਈ ਅਸੀਂ ਕੋਸ਼ਿਸ਼ ਕੀਤੀ ਪਰ ਇਹ ਇੱਕ ਵਿਅਰਥ ਤਰਦੱਦ ਸੀ।"

ਉਸੇ ਸਮੇਂ ਭਾਈ ਹੀਰਾ ਸਿੰਘ ਜੀ ਸਟੇਜ ਉੱਤੇ ਆ ਗਏ। ਉਨ੍ਹਾਂ ਨੇ ਆਪਣੀ ਮਿੱਠੀ, ਮਧੁਰ

ਸ਼ਾਂਤ ਅਵਾਜ਼ ਵਿੱਚ ਚੁੱਪ ਦਾ ਦਾਨ ਮੰਗਿਆ । ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਕਰੀਬ ਬੈਠੇ ਹੋਏ ਲੋਕਾਂ ਨੂੰ ਸ਼ਾਂਤ ਹੋਣ ਲਈ ਕਿਹਾ । ਫੇਰ ਦਾਇਰਾ ਦਸ ਦਸ ਗਜ਼ ਵਧਾਉਂਦੇ ਗਏ । ਥੋੜ੍ਹੀ ਦੇਰ ਵਿੱਚ ਹੀ ਪੂੜੀ ਦੀ ਪੂਰੀ ਖਲਕਤ ਉਨ੍ਹਾਂ ਦੀ ਕੋਸ਼ਿਸ਼ ਵਿੱਚ ਆ ਗਈ । ਐਨੀ ਸ਼ਾਂਤੀ ਵਰਤੀ ਕਿ ਜੇ ਕੋਈ ਸੂਈ ਵੀ ਸੁੱਟ ਦੇਂਦਾ ਤਾਂ ਉਸ ਦਾ ਖੜਾਕ ਸੁਣਿਆ ਜਾ ਸੱਕਦਾ ਸੀ।"

"ਭਾਈ ਸਾਹਿਬ ਜੀ ਦੀ ਰਸਨਾ ਅਤੇ ਉਨ੍ਹਾਂ ਦੀ ਹੋਂਦ ਤਖਲੀਕ ਦਾ ਇੱਕ ਕ੍ਰਿਸ਼ਮਾ ਸੀ । ਜਿਸ ਦੇ ਅਸਰ ਹੇਠਾਂ ਇਨਸਾਨੀ ਰੂਹਾਂ ਆਪਣਾ ਭੌਤਿਕ ਜਾਮਾ ਤਿਆਗ ਕੇ, ਗੁਰਬਾਣੀ ਅਤੇ ਸੰਗੀਤ ਰਾਹੀਂ ਇਲਾਹੀ ਸੰਸਾਰ ਵਿੱਚ ਚਲੀਆਂ ਜਾਂਦੀਆਂ ਸਨ । ਉਨ੍ਹਾਂ ਦੇ ਮਿੱਠੇ ਬੋਲ, ਉਨ੍ਹਾਂ ਦੀ ਪਿਆਰ ਭਰੀ ਲਗਨ, ਅਤੇ ਅਸੀਮ ਦਰਜੇ ਦੀ ਨਿਮਰਤਾ, ਉਨ੍ਹਾਂ ਦਾ ਅਤੁੱਟ ਖਜ਼ਾਨਾ ਸੀ । ਉਨ੍ਹਾਂ ਦੀ ਸ਼ਕਤੀ ਦਾ ਅਦਭੁੱਤ ਨਜ਼ਾਰਾ ਮੈਂ ਅੱਖੀਂ ਵੇਖਿਆ ਅਤੇ ਉਨ੍ਹਾਂ ਦਾ ਕੀਰਤਨ ਦਾ ਰਸ ਮਾਣਿਆ। ਜਿਸ ਸ਼ਕਤੀ ਨਾਲ, ਭਾਈ ਸਾਹਿਬ ਨੇ ਇਤਨੇ ਵੱਡੇ ਜਨ-ਸਮੂਹ ਉੱਤੇ ਜਾਦੂ ਪਾ ਲਿਆ, ਉਸ ਦੀ ਮਿਸਾਲ ਮੈਂ ਮਗਰੋਂ ਕਦੇ ਨਹੀਂ ਦੇਖੀ । ਇਤਨੀ ਤਾਕਤ ਮੇਰੀ ਸਮਝ ਵਿੱਚ, ਨਾ ਪੁਲਿਸ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ, ਨਾ ਫੌਜ ਰਾਹੀਂ । ਭਾਈ ਸਾਹਿਬ ਦੀ ਸ਼ਖਸੀਅਤ ਦਾ ਅਸਰ ਇਨ੍ਹਾਂ ਦੋਹਾ ਤੋਂ ਕਿਤੇ ਵੱਧ ਸੀ ।"

ਸਿੱਖੀ ਸਿਧਾਂਤ ਦੀਆਂ ਕਥਾਵਾਂ ਨਾਲ, ਬਾਣੀ ਦੇ ਸਰਲ ਅਰਥਾਂ ਨਾਲ, ਭਾਈ ਸਾਹਿਬ ਜੀ ਦਾ ਸਰੋਤਿਆਂ ਦੇ ਡੋਲਦੇ ਮਨਾਂ ਨੂੰ ਆਸਰਾ ਦੇ ਕੇ, ਰਾਗ ਦੇ ਪੰਖ ਲਗਾਕੇ ਉਚੇਰੇ ਤੋਂ ਉਚੇਰੇ ਮੰਡਲਾਂ ਵਿੱਚ ਲੈ ਜਾਣਾ, ਇਹ ਇੱਕ ਦੈਵੀ ਉਪਹਾਰ ਸੀ ਜਿਹੜਾ ਨਿਰੰਕਾਰ ਦੇ ਦਰੋਂ ਭਾਈ ਸਾਹਿਬ ਜੀ ਨੂੰ ਪ੍ਰਾਪਤ ਹੋਇਆ ਸੀ । ਇਹ ਅਮਰ ਸੁਗਾਤ ਉਨ੍ਹਾਂ ਨੂੰ ਕਰੜੀ ਤਪਸਿਆ ਮਗਰੋਂ ਮਿਲੀ। "ਮਨੁ ਸਾਧੇ ਸਿਧੁ ਹੋਈ" ਵਾਲੀ ਦਾਤ ਸੀ । ਸਦਾਚਾਰ ਦੀ ਸਿਖਰ ਉੱਤੇ ਚੜ੍ਹਕੇ ਪ੍ਰਾਪਤ ਹੋਈ ਬਖਸ਼ਿਸ਼ ਸੀ । ਸੱਤ, ਸੰਤੋਖ, ਦਯਾ, ਧਰਮ, ਦੇ ਪਵਿਤ੍ਰ ਮਾਰਗ ਦੀ ਰਹਿਮਤ ਸੀ ਕਿ ਜਦੋਂ ਆਪ ਦ੍ਰਿਸ਼ਟਾਂਤ ਦੇਂਦੇ, ਪ੍ਰਸੰਗ ਸੁਨਾਂਦੇ, ਤਾਂ ਸਰੋਤਿਆਂ ਦੇ ਮਨਾਂ ਤੋਂ ਸੰਸਿਆਂ, ਭਰਮਾਂ, ਅਤੇ ਦੂਈ ਦਵੈਤ ਦੇ ਪਰਦਿਆਂ ਨੂੰ ਹਟਾਂਦੇ ਜਾਂਦੇ। ਨਿਰੋਲ ਪਵਿਤ੍ਰ ਪਿਆਰ ਦੀ ਸੁਗੰਧੀ ਪਸਾਰਦੇ ਜਾਂਦੇ । ਮਨਵ ਹਿਰਦਿਆਂ ਦੀਆਂ ਸੁੱਤੀਆਂ ਤਰਬਾਂ ਨੂੰ ਜਗਾਉਂਦੇ ਜਾਂਦੇ, ਲਰਜ਼ਾਂਦੇ ਜਾਂਦੇ । ਤਾਹੀਓਂ ਤਾਂ ਪ੍ਰੋ: ਪੂਰਨ ਸਿੰਘ ਦਾ ਕਵੀ ਹਿਰਦਾ, ਦਿਲ-ਚੀਰਵੀਂ ਅਵਾਜ਼ ਵਿੱਚ ਬੋਲ ਉਠਿਆ :

ਕੋਇਲ ਵਾਂਗੂ ਕੂਕਿਆ ਤੂੰ,
ਭਰਾਵਾਂ ਨੂੰ ਦੱਸਿਆ ਤੂੰ,
ਮਨੁੱਖ ਹੋਣਾ, ਬਸ ਮਿੱਠਾ ਬੋਲਣਾ ਹੈ,
ਸਿੱਖ ਹੋਣਾ, ਬਸ ਚੁੱਪ ਹੋ ਕੰਬ ਖਲੋਣਾ ਹੈ,
ਪੱਥਰ ਮੋਮ ਕਰਨੇ ਮਿੱਠੀ ਅਵਾਜ਼ ਨਾਲ,
ਦਿਲ ਛੁਪਾਣਾ ਆਪਣਾ, ਦਿਲ ਹਿਲਾਣਾ ਸੰਸਾਰ ਦਾ !
ਰਹਿਣਾ ਨਿਮਾਣਾ,
ਸਦਾ ਉਠਾਣਾ ਝੰਡਾ ਅਕਾਲੀ ਸਰਕਾਰ ਦਾ,

ਕੀਰਤਨ ਤੇਰਾ ਚੀਰਦਾ,
ਦਿਲਾਂ ਨੂੰ,
ਅਕਲ ਮੁੜ ਪੈਂਦੀ, ਬੀਆਬਾਨ ਤੋਂ,
ਤੁਰ ਪੈਂਦੀ ਅਨੰਤ ਦੇ ਰਾਹ ਨੂੰ,
ਗਾਉਂਦੀ ਨਾਉਂ ਅਰਸ਼ੀ ਸਟਕਾਰ ਦਾ !

ਮੈਂ ਸੁਣਿਆ ਹੈ ਕਿ ਭਾਈ ਹੀਰਾ ਸਿੰਘ ਜੀ ਦਾ ਚਿਹਰਾ ਨੂਰਾਨੀ ਸੀ । ਮਸਤਕ ਚਮਕਦਾ ਅਤੇ ਖਿੜਿਆ ਹੋਇਆ ਸੀ । ਨੈਣ ਨਾਮ ਦੀ ਮਸਤੀ ਨਾਲ ਮਖਮੂਰ ਸਨ । ਉਨ੍ਹਾਂ ਦੀ ਚਿੱਟੀ ਗੋਹਰੀ ਦਸਤਾਰ, ਗਲ ਵਿੱਚ ਚਿੱਟਾ ਦੁਪੱਟਾ, ਗਰਦਨ ਦਾ ਝੁਕਾਉ ਸਾਦੀ ਪੋਸ਼ਾਕ, ਉਨ੍ਹਾਂ ਦੀ ਸ਼ਖਸੀਅਤ ਨੂੰ ਅਨੋਖੀ ਆਭਾ ਬਖਸ਼ਦੇ ਸਨ । ਨਿਮਰਤਾਂ ਅਤੇ ਨਿਰਮਾਨਤਾ, ਉਨ੍ਹਾਂ ਦੇ ਵਿਵਹਾਰ ਵਿਚੋਂ, ਉਨ੍ਹਾਂ ਦੀ ਉਚਰੀ ਆਤਮਕ ਅਵਸਥਾ ਦੇ ਝਲਕਾਰੇ ਦੇਂਦੇ ਸਨ । ਗੁਰਬਾਣੀ ਦੇ ਅਨੁਸਾਰ ਜੀਵਨ ਢਾਲਣ ਦਾ ਆਦਰਸ਼ ਸੀ । ਗੁਰਬਾਣੀ ਦਾ ਪਰਚਾਰ ਉਨ੍ਹਾਂ ਦਾ ਉਦੇਸ਼ ਸੀ । ਜਦੋਂ ਉਹ ਇਸ ਸ਼ਬਦ ਦੇ ਬੋਲ ਉਚਾਰਦੇ : "ਸਭੈ ਘਟ ਰਾਮ ਬੋਲੇ, ਰਾਮਾ ਬੋਲੇ, ਰਾਮ ਬਿਨਾ ਕੋ ਬੋਲੇ ਰੇ ॥ ਤਾਂ ਉਹ, ਸਰੋਤਿਆਂ ਦੀ ਸੁਰਤ ਨੂੰ ਉਸ ਮਹਾਨ ਇਕਾਈ ਨਾਲ ਜੋੜ ਦੇਂਦੇ, ਜਿਹੜੀ, ਸਰਬ-ਵਿਆਪਕ ਹੈ । ਜਿਹੜੀ ਸਭਨਾਂ ਘਟਾਂ ਵਿੱਚ ਪ੍ਰਕਾਸ਼ ਕਰ ਰਹੀ ਹੈ । ਸਾਰੇ ਸਰੋਤਿਆਂ ਦੀਆਂ ਆਤਮਾਵਾਂ ਨੂੰ ਉਸ ਬ੍ਰਹਮ-ਗਗਨ ਉੱਤੇ ਲੈ ਪਹੁੰਚਦੇ ਜਿਥੇ ਇੱਕ ਹੀ ਇੱਕ ਹੈ, ਖੁਦਾ ਹੀ ਖੁਦਾ ਹੈ, ਰਾਮ ਹੀ ਰਾਮ ਹੈ, ਬ੍ਰਹਮ ਹੀ ਬ੍ਰਹਮ ਹੈ, ਹੋਰ ਕੋਈ ਹੈ ਹੀ ਨਹੀਂ ।

ਭਾਈ ਸਾਹਿਬ ਜਿਸ ਸ਼ਹਿਰ ਵਿੱਚ ਜਾਂਦੇ ਉਥੇ ਹਿਦੂ-ਮੁਸਲਮਾਨ-ਸਿੱਖ ਈਸਾਈ ਸਾਰੇ ਹੀ ਉਨ੍ਹਾਂ ਦਾ ਅੰਮ੍ਰਿਤਮਈ ਕੀਰਤਨ ਸੁਣਨ ਲਈ ਆਉਂਦੇ । ਇੱਕ ਵਾਰੀ ਆਪ ਗਵਾਲੀਅਰ ਵਿੱਚ ਕੀਰਤਨ ਕਰ ਰਹੇ ਸਨ । ਉਨ੍ਹਾਂ ਦੀ ਰਸੀਲੀ ਅਤੇ ਸੁਰੀਲੀ ਅਵਾਜ਼ ਤੋਂ 'ਧੁਰ ਕੀ ਬਾਣੀ' ਦੇ ਬੋਲ, ਗੁਰ ਨਾਨਕ ਦੇ ਬੋਲ, ਸਚਾਈ ਭਰੇ ਅਮਰ ਬੋਲ, ਦਿਲ ਦੀਆਂ ਡੂੰਘਾਨਾਂ ਤੋਂ ਨਿਕਲੇ ਅਮਰ ਬੋਲ, ਇੱਕ ਮੁਸਲਮਾਨ ਹਾਜੀ ਮੁਹੰਮਦ ਮਸਕੀਨ ਨੇ ਸੁਣੇ । ਉਸ ਦੇ ਅੰਦਰ ਦੈਵੀ ਝਰਨਾਟਾਂ ਛਿੜ ਪਈਆਂ । ਉਸ ਦਾ ਹਿਰਦਾ ਬਿਸਮਿਲ ਮੁਰਗ ਦੀ ਤਰ੍ਹਾਂ ਤੜਪ ਉਠਿਆ ਉਹ ਆਪ ਦੇ ਕੋਲ ਆਇਆ । ਉਸ ਨੇ ਕਿਹਾ "ਮੈਂ ਜੀਵਨ ਦੇ ਪੰਜਾਹ ਸਾਲ ਮੱਕੇ ਮਦੀਨੇ ਵਿੱਚ ਰਿਹਾ ਹਾਂ । ਮੇਰੀ ਉਮਰ ਇਸ ਸਮੇਂ ਸੱਤਰ ਸਾਲ ਦੀ ਹੈ । ਮੈਂ ਮੱਕੇ ਵਿੱਚ ਬੈਠ ਕੇ, ਮਨ ਨੂੰ ਖੁਦਾਵੰਦ ਕਰੀਮ ਦੇ ਚਰਨਾਂ ਨਾਲ ਜੋੜ ਕੇ, ਨੌ ਮਣ, ਚੌਦਾਂ ਸੇਰ, ਚੰਦਨ ਵਿੱਚੋਂ, ਇੱਕ ਲੱਖ ਪੰਜਤਾਲੀ ਹਜ਼ਾਰ ਵਾਲਾਂ ਤੋਂ ਬਰੀਕ ਤਾਰਾਂ ਤਿਆਰ ਕਰਕੇ ਇੱਕ ਚੰਦਨ ਦਾ ਚੋਰ ਤਿਆਰ ਕੀਤਾ ਹੈ । ਇਸ ਨੂੰ ਤਿਆਰ ਕਰਨ ਵਿੱਚ ਪੰਜ ਸਾਲ ਸੱਤ ਮਹੀਨੇ ਲੱਗੇ ਹਨ । ਇਹ ਮੈਂ ਕਿਸੇ ਪਵਿੱਤ੍ਰ ਅਸਥਾਨ ਉੱਤੇ ਭੇਟਾ ਕਰਨਾ ਚਾਹੁੰਦਾ ਹਾਂ । ਮੈਨੂੰ ਆਪ ਦਾ ਕੀਰਤਨ ਸੁਣ ਕੇ ਬੜਾ ਅਨੰਦ ਆਇਆ ਹੈ ।" ਭਾਈ ਸਾਹਿਬ ਦੀ ਪਰੇਰਨਾ ਸਦਕਾ ਉਹ ਹਾਜੀ ਅੰਮ੍ਰਿਤਸਰ ਆਪ ਦੇ ਨਾਲ ਆਇਆ । ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਉਸ ਨੇ ਕਿਹਾ : "ਸ੍ਰੀ ਦਰਬਾਰ ਦੇ ਦਰਸ਼ਨ ਕਰਕੇ ਮੈਨੂੰ ਸ਼ਾਂਤੀ ਮਿਲੀ ਹੈ । ਆਪਣੇ ਆਪ ਹੀ ਇਹ ਅਵਾਜ਼ ਮੇਰੇ ਮਨ ਵਿਚੋਂ ਨਿਕਲ ਉੱਠੀ ਹੈ ਕਿ ਜਿਸ ਧਾਰਮਕ

ਅਸਥਾਨ ਦੀ ਭਾਲ ਵਿੱਚ ਮੈਂ ਦੁਨੀਆਂ ਭਰ ਦਾ ਚੱਕਰ ਕਟਿਆ ਹੈ, ਚੰਗੇ ਭਾਗਾਂ ਨੂੰ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਉਸ ਦੇ ਦਰਸ਼ਨ ਹੋਏ ਹਨ । ਸ੍ਰੀ ਦਰਬਾਰ ਸਾਹਿਬ ਹੀ ਸਹੀ ਅਰਥਾਂ ਵਿੱਚ ਹਰੀ ਦਾ ਮੰਦਰ ਹੈ, ਖੁਦਾ ਦਾ ਘਰ ਹੈ ।" ਉਸ ਨੇ ਆਪਣੀ ਪਵਿਤ੍ਰ, ਨਿਸ਼ਕਾਮ ਅਤੇ ਅਨਥੱਕ ਮਿਹਨਤ ਨਾਲ ਤਿਆਰ ਕੀਤਾ ਹੋਇਆ 'ਚੰਦਨ ਦਾ ਚੋਰ' ਅਕਾਲ ਤਖਤ ਸਾਹਿਬ ਉੱਤੇ ਪਿਆਰ ਅਤੇ ਅਦਬ ਨਾਲ ਭੇਟਾ ਕੀਤਾ । ਜਿੰਨੀ ਦੇਰ ਆਪ ਸੰਸਾਰ ਵਿੱਚ ਜਿਊਂਦੇ ਰਹੇ, ਭਾਈ ਸਾਹਿਬ ਦੇ ਕੀਰਤਨ ਦਾ ਰਸ ਮਾਣਦੇ ਰਹੇ ।

ਭਾਈ ਸਾਹਿਬ ਦੇ ਹਿਰਦੇ ਵਿੱਚ ਹਿੰਦੂ ਸਿੱਖ ਦਾ ਕੋਈ ਭੇਦ ਨਹੀਂ ਸੀ । ਉਨ੍ਹਾਂ ਦੀ ਪਵਿਤ੍ਰ ਆਤਮਾ ਤੋਂ ਦੂਈ ਦਵੈਤ ਦੇ ਉਹਲੇ ਉੱਠ ਚੁੱਕੇ ਸਨ । ਇਹੋ ਕਾਰਨ ਸੀ ਕਿ ਉਹਨਾਂ ਦੇ ਕੀਰਤਨ ਦਾ ਰਸ ਸਾਰੇ ਵਰਗ ਨਿਰੰਤਰ ਮਾਣਦੇ ਸਨ । ਇਹ ਘਟਨਾ ਸੰਨ 1917 ਦੀ ਹੈ । ਇਹ ਵਾਕਿਆ ਲਾਹੌਰ ਦਾ ਹੈ । ਸੰਨ 1917 ਵਿੱਚ ਸਿੱਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਵਿੱਚ ਹੋਈ । ਉਸ ਦੇ ਧਾਰਮਕ ਦੀਵਾਨ ਵਿੱਚ ਭਾਈ ਹੀਰਾ ਸਿੰਘ ਜੀ ਨੇ ਕੀਰਤਨ ਕਰਨਾ ਸੀ । ਉਨ੍ਹਾਂ ਦਾ ਕੀਰਤਨ ਸੁਣਨ ਲਈ ਲਾਹੌਰ ਦੇ ਸੁਪ੍ਰਸਿੱਧ ਆਰੀਆ ਸਮਾਜ ਦੇ ਲੀਡਰ ਲਾਲਾ ਹੰਸ ਰਾਜ ਪ੍ਰਿੰਸੀਪਲ ਡੀ. ਏ. ਵੀ. ਕਾਲਜ ਲਾਹੌਰ, ਵੀ ਆਏ । ਅੰਮ੍ਰਿਤ ਵੇਲੇ ਦਾ ਸਮਾਂ ਸੀ । ਆਪ ਨੇ ਇੱਕ ਰਸ ਹੋਕੇ ਕੀਰਤਨ ਸਰਵਣ ਕੀਤਾ । ਜਾਣ ਸਮੇਂ, ਉਨ੍ਹਾਂ ਦੇ ਮਿੱਤਰ ਨੇ ਪੁੱਛਿਆ ਤਾਂ ਲਾਲਾ ਹੰਸ ਰਾਜ ਨੇ ਉੱਤਰ ਦਿੱਤਾ, "ਚਾਰ ਘੰਟੇ ਅੰਮ੍ਰਿਤ ਬਰਖਾ ਹੁੰਦੀ ਰਹੀ ਹੈ, ਜਿਸ ਤੋਂ ਤ੍ਰਿਪਤ ਹੋਕੇ ਮੈਂ ਜਾ ਰਿਹਾ ਹਾਂ ।"

ਇੱਕ ਵਾਰੀ ਪਿਸ਼ਾਵਰ ਦੀ ਸੰਗਤ ਆਪ ਜੀ ਨੂੰ ਕੀਰਤਨ ਕਰਨ ਲਈ ਲੈ ਗਈ । ਗੁਰ-ਦੁਆਰਾ ਭਾਈ ਬੀਬਾ ਸਿੰਘ ਦੀ ਛੱਤ ਉੱਤੇ ਕੀਰਤਨ ਆਰੰਭ ਹੋਇਆ । ਸੰਗਤ ਬੇਸ਼ੁਮਾਰ ਸੀ । ਵਿਰੋਧੀਆ ਨੇ ਵੱਟੇ ਮਾਰੇ । ਸੰਗਤ ਵਿੱਚ ਜੋਸ਼ ਵੱਧ ਗਿਆ । ਭਾਈ ਸਾਹਿਬ ਨੇ ਪ੍ਰੇਮ ਭਰੀ ਅਵਾਜ਼ ਵਿੱਚ ਨਿਰਮਾਣ ਅਤੇ ਸਨਿਮਰ ਹੋਕੇ ਕਿਹਾ, "ਖਾਲਸਾ ਜੀ, ਟਿੱਕੇ ਰਹੋ ਲੋਕੀ ਬੇਰੀ ਨੂੰ ਵੱਟੇ ਮਾਰਦੇ ਹਨ ਤਾਂ ਉਹ ਬੇਰ ਦੇਂਦੀ ਹੈ । ਜੇ ਕੋਈ ਸਿੱਖ ਨੂੰ ਵੱਟੇ ਮਾਰੇ ਉਥੋਂ ਕਿਉਂ ਨ ਕੁਝ ਲੱਭੇ ? ਬਿਹਬਲਤਾ ਵਿੱਚ ਆਪ ਨੇ ਕਿਹਾ, "ਮੈਂ ਨਿਮਾਣਾ ਜਿਹਾ ਗੁਰੂ ਨਾਨਕ ਦਾ ਨਾਮ ਲੇਵਾ ਸਿੱਖ ਹਾਂ । ਇੱਥੇ ਗੁਰੂ ਨਾਨਕ ਦਾ ਕੀਰਤਨ ਹੋ ਰਿਹਾ ਹੈ । ਮੇਰੀ ਗੁਰੂ ਨਾਨਕ ਦੇਵ ਜੀ ਅੱਗੇ ਅਰਦਾਸ ਹੈ, ਕਿ ਉਹ ਵੱਟੇ ਮਾਰਨ ਵਾਲਿਆਂ ਨੂੰ ਮਰਦਾਨੇ ਦੀ ਰਬਾਬ ਵਿੱਚੋਂ, ਸਤਿਕਰਤਾਰ ਅਤੇ ਧੰਨ ਨਿਰੰਕਾਰ ਸਣਾਉਣ ।"

ਇਹ ਕਹਿਕੇ ਆਪ ਕੀਰਤਨ ਦੇ ਅਸਚਰਜ ਰੰਗ ਵਿੱਚ ਚਲੇ ਗਏ । ਕੀਰਤਨ ਸੀ ਕਿ ਇਲਾਹੀ ਨਾਦ ਸੀ । ਇਹ ਭਾਈ ਸਾਹਿਬ ਨਹੀਂ ਸਨ ਕਿ ਗੁਰੂ ਨਾਨਕ ਦੀ ਰਬਾਬ ਸੀ ਜੋ ਸਤਿ ਕਰਤਾਰ ਅਤੇ ਧੰਨ ਨਿਰੰਕਾਰ ਦੀ ਗੂੰਜ ਪਾ ਰਹੀ ਸੀ । ਵੱਟੇ ਮਾਰਨ ਵਾਲਿਆਂ ਨੂੰ ਲੱਜਾ ਆ ਗਈ । ਉਨ੍ਹਾਂ ਵੱਟੇ ਸੁੱਟ ਦਿੱਤੇ ਅਤੇ ਧੰਨ ਨਿਰੰਕਾਰ ਅਤੇ ਸਤਿਕਰਤਾਰ ਦੀ ਗੁੰਜਾਰ ਵਿੱਚ ਰੱਲ ਗਏ ।

ਜਿਨ੍ਹਾਂ ਨੇ ਭਾਈ ਸਾਹਿਬ ਜੀ ਨੂੰ ਸੁਣਿਆ ਹੈ, ਉਨ੍ਹਾਂ ਦੇ ਕੀਰਤਨ ਦਾ ਰਸ ਮਾਣਿਆ ਹੈ,

ਉਨ੍ਹਾਂ ਕੋਲੋਂ ਭਾਈ ਸਾਹਿਬ ਜੀ ਦੇ ਜੀਵਨ ਦੀਆਂ ਅਲੌਕਿਕ ਘਟਨਾਵਾਂ ਸੁਣਕੇ ਮੈਂ ਬਿਹਬਲ ਹੋ ਉਠਦੀ ਹਾਂ। ਮੇਰੇ ਮਨ ਵਿੱਚ ਆਉਂਦਾ ਹੈ ਕਿ ਭਾਈ ਸਾਹਿਬ ਜੀ ਮੈਂ ਆਪ ਨੂੰ ਮਿਲ ਨਹੀਂ ਸਕੀ। ਆਪ ਦੇ ਕੀਰਤਨ ਦਾ ਰਸ ਮਾਣ ਨਹੀਂ ਸਕੀ। ਪਰ ਮੈਂ ਪੁੱਛਦੀ ਹਾਂ, ਭਾਈ ਸਾਹਿਬ ਜੀ ਅੱਜ ਆਪ ਕਿੱਥੇ ਹੋ ? ਕਿਹੜੇ ਬ੍ਰਹਿਮੰਡਾਂ ਖੰਡਾਂ ਵਿੱਚ ਗੁਰੂ ਨਾਨਕ ਦਾ ਸੰਦੇਸ਼ ਪਹੁੰਚਾ ਰਹੇ ਹੋ। ਅੱਜ ਮਾਤਲੋਕ, ਭਾਰਤ ਖੰਡ ਵਿੱਚ ਗੁਰੂ ਨਾਨਕ ਦਾ ਪੈਗਾਮ ਦੇਣ ਦੀ ਲੋੜ ਹੈ। ਅੱਜ ਪੰਜਾਬ ਦੀ ਧਰਤੀ ਪਿਆਸੀ ਹੈ। ਅੱਜ ਪੰਜਾਬ ਵਾਸੀ ਇਸ ਕੀਰਤਨ ਦੀ ਪਿਆਸ ਨਾਲ, ਗੁਰੂ ਨਾਨਕ ਦੇ ਅੰਮ੍ਰਿਤ ਬੋਲਾਂ ਦੀ ਪਿਆਸ ਕਾਰਨ ਵਿਲਕ ਰਹੇ ਹਨ। ਉਹ ਦਿਲ, ਜਿਨ੍ਹਾਂ ਨੂੰ ਆਪ ਰਾਗ ਦੇ ਖੰਭਾਂ ਦੁਆਰਾ, ਕੀਰਤਨ ਦੇ ਰਸ ਦੁਆਰਾ ਇਕਾਈ ਦੀਆਂ ਰਿਸ਼ਮਾਂ ਨਾਲ ਜੋੜ ਕੇ ਪ੍ਰਭੂ ਦੇ ਦੁਆਰ ਤੱਕ ਪਹੁੰਚਾਇਆ ਕਰਦੇ ਸਾਓ, ਟੁੱਟ ਗਏ ਹਨ। ਉਹ ਮਾਲਾ ਜਿਸ ਦੇ ਦਾਣੇ ਗੁਰੂ ਨਾਨਕ ਨੇ ਭਾਰਤ ਖੰਡ ਦੇ ਹਰ ਨਗਰ ਵਿੱਚ ਜਾ ਜਾ ਕੇ, ਨਾਮ ਦੇ ਪੱਕੇ ਧਾਗੇ ਵਿੱਚ ਪਰੋਏ ਸਨ। ਉਹ ਦਾਣੇ ਹੁਣ ਬਿਖਰ ਗਏ ਹਨ। ਭਾਈ ਸਾਹਿਬ, ਆਉ ਮਾਨਵ ਹਿਰਦਿਆਂ ਨੂੰ ਆਪਣੇ ਇਲਾਹੀ ਕੀਰਤਨ ਦੁਆਰਾ ਸੰਚਾਰ ਕਰੋ। ਟੁੱਟੀਆਂ ਹੋਈਆਂ ਤਰਬਾਂ ਨੂੰ ਮਨੁੱਖਤਾ ਦੇ ਨਾਤੇ ਨਾਲ ਜੋੜ ਕੇ ਏਕੇ ਦਾ ਸੰਗੀਤ ਗੁੰਜਾਰ ਦਿਓ। ਅੱਜ ਆਪ ਜੀ ਦੀ ਬਰਸੀ ਵਾਲੇ ਦਿਨ ਮੈਂ ਇਹ ਸੁਨੇਹਾ, ਭਾਵਾਂ ਰੂਪੀ ਪਵਨ, ਦੀਆਂ ਲਹਿਰਾਂ ਰਾਹੀ ਭੇਜ ਰਹੀ ਹਾਂ। ਅੱਜ ਏਕਤਾ, ਸਾਂਝੀਵਾਲਤਾ, ਪਰਸਪਰ ਪ੍ਰੇਮ, ਦਯਾ, ਧਰਮ, ਸੱਤ, ਸੰਤੋਖ ਦੇ ਕੋਮਲ ਭਾਵਾਂ ਨੂੰ ਕੁੱਲ ਮਾਨਵਤਾ ਅੰਦਰ ਜਗਾਉਣ ਦੀ ਤੀਬਰ ਲੋੜ ਹੈ।

★


# ਗੁਰਬਾਣੀ ਮਿਊਜ਼ਿਕ ਅਕੈਡਮੀ

# Gurbani Music Academy

(Affiliated to the Parchin Kala Kandra, Chandigarh,

69/2, Paddapukar Road, Calcutta-700020

Brances:- O 7-B. Camac Court, 25, camac Street Cal.-16

O 18/62, Dener Lane, Cal-29

O 48 3P. S. Sinthi B.T. Road. Cal-50

O 6, Acre Road Cal-17

S. Narinder Singh Principal/President

# ਰਾਗ ਆਸਾ

ਡਾ. ਗੁਰਨਾਮ ਸਿੰਘ

ਆਸਾ ਗੁਰਮਤਿ ਸੰਗੀਤ ਪਰੰਪਰਾ ਦਾ ਮਹੱਤਵਪੂਰਣ ਰਾਗ ਹੈ। ਇਸ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਜੀ ਦੀ ਵਾਰ' ਦਾ ਗਾਇਨ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਸ਼ਾਮ ਦੇ ਕੀਰਤਨ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਸੋ ਦਰੁ' ਦਾ ਕੀਰਤਨ ਵਿਸ਼ੇਸ਼ ਰੂਪ 'ਚ ਰਾਗ ਆਸਾ ਅਧੀਨ ਕਰਨ ਦਾ ਪ੍ਰਚਾਰ ਹੈ। ਇਸ ਰਾਗ ਉੱਤੇ ਆਧਾਰਤ ਸਵੇਰ ਦੇ ਕੀਰਤਨ ਨੂੰ 'ਆਸਾ ਦੀ ਵਾਰ ਦੀ ਚੌਕੀ' ਅਤੇ ਸ਼ਾਮ ਦੇ ਕੀਰਤਨ ਨੂੰ 'ਸੋਦਰੁ ਦੀ ਚੌਕੀ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਸ ਰਾਗ ਨੂੰ ਦਿਨ ਦੇ ਦੋਵੇਂ ਵਿਭਿੰਨ ਸਮਿਆਂ 'ਤੇ ਗਾਇਨ ਕਰਨ ਦੀ ਪਰੰਪਰਾ ਗੁਰਮਤਿ ਸੰਗੀਤ ਦੀ ਵਿਲੱਖਣਤਾ ਹੈ।

ਆਸਾ ਪੰਜਾਬ ਦਾ ਪ੍ਰਸਿੱਧ ਅਤੇ ਲੋਕਪ੍ਰਿਅ ਰਾਗ ਹੈ, ਜਿਸ ਦਾ ਵਿਕਾਸ ਲੋਕ ਸੰਗੀਤ 'ਚੋਂ ਹੋਇਆ। 'ਆਸਾ ਦੀ ਵਾਰ' ਨੂੰ ਟੁੰਡੇ ਅਸਰਾਜੇ ਦੀ ਵਾਰ ਦੀ ਧੁਨੀ' ਉੱਤੇ ਗਾਉਣ ਦਾ ਸੰਕੇਤ ਹੈ। ਇਸ ਵਾਰ ਦੇ ਸੁਰਾਤਮਕ ਵਿਸ਼ਲੇਸ਼ਣ ਤੋਂ ਰਾਗ ਆਸਾ ਦਾ ਸ਼ਾਸਤ੍ਰਿਕ ਸਰੂਪ ਵਿਦਮਾਨ ਹੁੰਦਾ ਹੈ। ਜਿਸ ਸਦਕਾ ਇਸ ਰਾਗ ਦੇ ਲੋਕ ਸੰਗੀਤ 'ਤੇ ਆਧਾਰਤ ਹੋਣ ਦੇ ਸਪੱਸ਼ਟ ਪ੍ਰਮਾਣ ਉਪਲੱਬਧ ਹੁੰਦੇ ਹਨ ਜਿਸ ਨੂੰ 'ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਸਤ੍ਰਿਕ ਪ੍ਰਮਾਣਿਕਤਾ ਪ੍ਰਦਾਨ ਕੀਤੀ ਗਈ ਹੈ। ਇਸ ਰਾਗ ਦਾ ਸਰੂਪ ਇਸ ਪ੍ਰਕਾਰ ਹੈ :

**ਥਾਟ**= ਬਿਲਾਵਲ, ਜਾਤੀ=ਔਡਵ–ਸੰਪੂਰਣ, ਸਮਾਂ=ਸਵੇਰ ਤੇ ਸ਼ਾਮ,
ਵਾਦੀ=ਮਧਿਅਮ, ਸੰਵਾਦੀ=ਸ਼ਡਜ।

**ਆਰੋਹ:**— ਸਾ, ਰੇ, ਮ, ਪ, ਧ ਸਾਂ

**ਅਵਰੋਹ**— ਸਾਂ ਨੀ ਧ ਪ, ਮ, ਗਾ ਰੇ, ਸਾ ਗ ਰੇ ਗਾ ਸਾ,

**ਮੁੱਖ ਅੰਗ**— ਸਾ, ਰੇ ਮ ਪ ਧ, ਪ ਮ ਗ ਰੇ, ਸਾ ਗ, ਰੇ ਗਾ ਸਾ

ਇਸ ਰਾਗ ਵਿੱਚ ਕਈ ਵੇਰ ਵਿਵਾਦੀ ਸੁਰ ਦੇ ਨਾਤੇ ਕੋਮਲ ਨਿਸ਼ਾਦ ਅਤੇ ਕੋਮਲ ਗੰਧਾਰ ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ। ਪੰਜਾਬੀ ਰੰਗ ਦੇ ਇਸ ਰਾਗ ਵਿੱਚ ਭਗਤੀ ਭਾਵ ਦੀਆਂ ਰਚਨਾਵਾਂ ਵਿਸ਼ੇਸ਼ ਰੂਪ 'ਚ ਖਿੜਦੀਆਂ ਹਨ।

---

## ਹਫਤਾਵਾਰੀ ਕੀਰਤਨ

ਸ੍ਰੀ ਸੁਖਮਣੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਪ੍ਰੋ. ਚਮਨ ਸਿੰਘ ਤੁਲੀ ਦੇ ਘਰ 1017, ਸੈਕਟਰ 37-C, ਚੰਡੀਗੜ੍ਹ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ। ਪਹਿਲਾਂ ਸੇਖੋਂ ਸਾਹਿਬ ਨੇ ਸੰਗਤਾਂ ਨਾਲ ਮਿਲਕੇ ਨਿਤ ਨੇਮ ਅਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ। ਉਪਰੰਤ ਡਾ. ਜਾਗੀਰ ਸਿੰਘ ਜੀ ਦੇ ਰਾਗੀ ਜਥੇ ਦੇ ਕੀਰਤਨ ਅਤੇ ਸ੍ਰ. ਪ੍ਰੇਮ ਸਿੰਘ ਜੀ ਨੇ ਸ਼ਬਦ ਦੀ ਵਿਚਾਰ ਕੀਤੀ।

---

# ਸੰਗੀਤ-ਲਿਪੀ

ਭਾਈ ਅਵਤਾਰ ਸਿੰਘ
ਭਾਈ ਗੁਰਚਰਨ ਸਿੰਘ

## ਆਸਾ ਸ੍ਰੀ ਕਬੀਰ ਜੀਉ

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸਕੀ ਸੇਉ ॥
ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨ ਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥

ਪੰਨਾ ੪੭੯

### ਛੋਟੀ ਤਿੰਨਤਾਲ (ਅਸਥਾਈ)

| + | | | | 2 | | | | | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | ਮ | | | | | |
| | | | | | | | ਸ | — | — | ਰ | --- | — | ਮ | — | — |
| | | | | | | | ਭੂ | ਲੀ | S | ਮਾ | S | ਲਿ | ਨੀ | S | ਹੈ |
| | | | | | | | | | | ਪ | | | | | |
| ਪ | — | --- | — | ਮ | — | ਧ | --- | — | ਪ | ਗ | — | — | ਰ | — | — |
| ਏ | S | ਉ | S | S | S | ਸ | ਤਿ | ਗੁ | ਰੁ | ਜਾ | S | ਗ | ਤਾ | S | ਹੈ |
| | | | | | | | | | | ਮ | | | | | |
| ਪਾ | — | — | — | ਸ | — | — | — | — | — | ਰ | — | — | ਮ | — | — |
| ਦੇ | S | ਉ | S | S | S | S | ਭੂ | ਲੀ | S | ਮਾ | S | ਲਿ | ਨੀ | S | ਹੈ |
| | | | | | | | | | | ਪ | | | | | |
| ਪ | — | — | — | ਮ | — | ਧ | — | — | ਪ | ਗ | — | — | ਰ | — | — |
| ਏ | S | ਉ | S | S | S | ਸ | ਤਿ | ਗੁ | ਰੁ | ਜਾ | S | ਗੁ | ਤਾ | S | ਹੈ |
| ਸ | — | — | — | ਸ | — | — | — | ਮ | ਨੁ | ਧ | ਨੁ | ਧ | — | ਪ | — |
| ਦੇ | S | ਉ | S | S | S | S | S | ਪਾ | ਤੀ | ਤੋ | ਰੈ | ਮਾ | ਲਿ | ਨੀ | S |

| | | | |
|---|---|---|---|
| ਸ ਗ ਮ ਪ | ਮ — — — | ਸ — — — | ਨ਼ ਧ ਪ |
| ਪਾ ਤੀ ਪਾ ਤੀ | ਜੀ s ਉ s | ਜਿਸ ਪਾ ਹਨ ਕਉ | ਪਾ ਤੀ ਤੇ |
| | | ਮ | |
| ਨ਼ ਧ ਪ ਮ | ਗ ਰ ਸ — | — — ਰ — | — ਮ — |
| ਸੰ ਪਾ ਹਨ ਨਿਰ | ਜੀ ਉ s ਭੂ | ਲੀ s ਮਾ s | ਲਿ ਨੀ s |
| | | ਪ | |
| ਪ — — — | ਮ — ਧ — | — ਪ ਗ — | — ਰ — |
| ਏ s ਉ s | s s ਸ ਤਿ | ਗੁ s ਰੁ ਜਾ | ਗ ਤਾ s |
| ਸ | | | |
| ਦੇਊ | | | |

## ਅੰਤਰਾ

| | | | |
|---|---|---|---|
| | | ਪ … ਧ ਸਂ | … … … |
| | | ਬ੍ਰ ਹ ਮੁ ਪਾ | s ਤੀ s |
| | | ਗਂ | |
| ਸਂ — — — | … … … ਰਂ | ਰਂ … … ਸਂ | … … … |
| s s s s | s s s ਬਿ | ਮ ਨੁ s ਡਾ | s ਗੀ s |
| ਰਂ | | | |
| ਸਂ ਸਂ ਨ — | ਧ … ਪ .. | ਮ ਗ ਮ ਪ | … ਧ ਪ |
| s s s s | s s s s | ਛੂ s ਲ ਸੰ | s ਕ s |
| ਸਂ — — — | … … … … | ਪ … ਧ ਸਂ | … … … |
| ਦੇ — — — | ਉ s s s | ਤੀ s ਨਿ ਦੇ | s ਵ s |
| | | ਗਂ | |
| ਸਂ … … … | … … … ਰਂ | ਰਂ … … ਸਂ | ਸਂ … … |
| s s s s | s s s ਪੂ | ਤ ਖਿ s ਤੋਂ | s ਰ ਹਿ |
| ਸਂ ਸਂ ਨ — | ਧ … ਪ … | ਮ ਗ ਮ ਪ | … ਧ ਪ |
| s s s s | s s s s | ਕ ਰ ਹਿ ਕਿ | ਸ ਕੀ s |
| ਰਂ | | | |
| ਸ — — — | … … … .. | ਧ ਨ਼ ਧ ਨ਼ | ਧ … ਪ |
| ਸੇ s s s | ਉ s s s | ਪਾ ਤੀ ਤੋਂ ਰੈ | ਮਾ ਲ ਨੀ |

**ਨੋਟ :** ਸ਼ਬਦ ਦੀਆਂ ਬਾਕੀ ਤੁਕਾਂ ਇਸੇ ਅੰਤਰੇ ਤੇ ਲਾਉਣੀਆਂ ਹਨ।

ਪਦ ਅਰਥ: — ਪਾਤੀ-ਪੱਤਰ। ਪਾਤੀ, ਪਾਤੀ-ਹਰੇਕ ਪੱਤਰ ਵਿੱਚ। ਜੀਉ-ਜਿੰਦ ਪਾਹਨ-ਪੱਥਰ ਨਿਰਜੀਉ-ਨਿਰਜਿੰਦ ।੧।

ਏਉ-ਇਉਂ, ਇਸ ਤਰ੍ਹਾਂ ।੧। ਰਹਾਉ।

ਬ੍ਰਹਮੁ-ਬ੍ਰਹਮਾ। ਡਾਰੀ-ਡਾਲੀ, ਟਹਿਣੀ। ਸੰਕਰ-ਸ਼ਿਵ। ਪ੍ਰਤਖਿ-ਸਾਹਮਣੇ।

ਤੋਰਹਿ-ਤੋੜ ਰਹੀ ਹੈਂ। ਸੇਉ ਸੇਵਾ ।੨।

ਪਾਖਾਨ-ਪੱਥਰ। ਗਢਿ ਕੈ-ਘੜ ਕੇ। ਪਾਉ-ਪਾਉਂ, ਪੈਰ ।੩।

ਭਾਤੁ-ਭੱਤ, ਚੌਲ। ਪਹਿਤਿ-ਦਾਲ। ਲਾਪਸੀ-ਲੱਪੀ, ਪਤਲਾ ਕੜਾਹ। ਕਰਕਰਾ ਕਸਾਰੁ-ਖਸਤਾ ਪੰਜੀਰੀ। ਛਾਰੁ-ਸੁਆਹ। ਮੁਖਿ ਛਾਰੁ-ਮੂੰਹ ਵਿੱਚ ਸੁਆਹ; (ਭਾਵ) ਕੁਝ ਨਾ ਮਿਲਿਆ ।੪।

ਕ੍ਰਿਪਾ ਕਰਿ-ਕ੍ਰਿਪਾ ਕਰਕੇ। ਰਾਖੇ-ਰੱਖ ਲਿਆ ਹੈ, ਭੁਲੇਖੇ ਤੋਂ ਬਚਾ ਲਿਆ ਹੈ ।੫।

**ਅਰਥ:** — (ਮੂਰਤੀ ਅੱਗੇ ਭੇਟ ਧਰਨ ਲਈ) ਮਾਲਣ ਪੱਤਰ ਤੋੜਦੀ ਹੈ (ਪਰ ਇਹ ਨਹੀਂ ਜਾਣਦੀ ਕਿ) ਹਰੇਕ ਪੱਤਰ ਵਿੱਚ ਜਿੰਦ ਹੈ। ਜਿਸ ਪੱਥਰ (ਦੀ ਮੂਰਤੀ) ਖ਼ਾਤਰ (ਮਾਲਣ) ਪੱਤਰ ਤੋੜਦੀ ਹੈ, ਉਹ ਪੱਥਰ (ਦੀ ਮੂਰਤੀ) 'ਨਿਰਜਿੰਦ ਹੈ।

(ਇੱਕ ਨਿਰਜਿੰਦ ਮੂਰਤੀ ਦੀ ਸੇਵਾ ਕਰਕੇ) ਇਸ ਤਰ੍ਹਾਂ (ਇਹ) ਮਾਲਣ ਕਹਿ ਰਹੀ ਹੈ, (ਅਸਲੀ ਇਸ਼ਟ) ਸਤਿਗੁਰੂ ਤਾਂ (ਜੀਉਂਦਾ) ਜਾਗਦਾ ਦੇਵਤਾ ਹੈ ॥ ਰਹਾਉ

(ਹੇ ਮਾਲਣ !) ਪੱਤਰ ਬ੍ਰਹਮਾ-ਰੂਪ ਹਨ, ਡਾਲੀ ਵਿਸ਼ਨੂ-ਰੂਪ ਅਤੇ ਫੁੱਲ ਸ਼ਿਵ ਰੂਪ ! ਇਹਨਾਂ ਤਿੰਨ ਦੇਵਤਿਆਂ ਨੂੰ ਤਾਂ ਤੂੰ ਆਪਣੇ ਸਾਹਮਣੇ ਨਾਸ ਕਰ ਰਹੀ ਹੈਂ ਫਿਰ ਸੇਵਾ ਕਿਸ ਦੀ ਕਰਦੀ ਹੈਂ ?।

(ਮੂਰਤੀ ਘੜਨ ਵਾਲੇ ਨੇ) ਪੱਥਰ ਘੜਕੇ, ਤੇ (ਘੜਨ ਵੇਲੇ ਮੂਰਤੀ ਦੀ ਛਾਤੀ ਉੱਤੇ ਪੈਰ ਰੂਖ ਕੇ ਮੂਰਤੀ ਤਿਆਰ ਕੀਤੀ ਹੈ। ਜੇ ਇਹ ਮੂਰਤੀ ਹੀ ਅਸਲੀ ਦੇਵਤਾ ਹੈ ਤਾਂ ਇਸ ਨਿਰਾਦਰੀ ਦੇ ਕਾਰਨ) ਘੜਨ ਵਾਲੇ ਨੂੰ ਹੀ ਖਾ ਜਾਂਦੀ।

ਭੱਤ, ਦਾਲ, ਲੱਪੀ ਅਤੇ ਮੁਰਕਣੀ ਪੰਜੀਰੀ ਤਾਂ ਛਕਣ ਵਾਲਾ (ਪੁਜਾਰੀ ਹੀ) ਮਰ ਜਾਂਦਾ ਹੈ, ਇਸ ਮੂਰਤੀ ਦੇ ਮੂੰਹ ਵਿੱਚ ਕੁਝ ਭੀ ਨਹੀਂ ਪੈਂਦਾ (ਕਿਉਂਕਿ ਇਹ ਤਾਂ ਨਿਰਜਿੰਦ ਹੈ, ਖਾਵੇ ਕਿਵੇਂ ?

ਹੇ ਕਬੀਰ ਆਖ-ਮਾਲਣ (ਮੂਰਤੀ ਪੂਜਣ ਦੇ) ਭੁਲੇਖੇ ਵਿੱਚ ਪਈ ਹੈ, ਜਗਤ ਅਜੇ ਭੀ ਟਪਲਾ ਖਾ ਰਿਹਾ ਹੈ, ਪਰ ਅਸਾਂ ਇਹ ਗਲਤੀ ਨਹੀਂ ਖਾਧੀ, ਕਿਉਂਕਿ ਪਰਮਾਤਮਾਂ ਨੇ ਆਪਣੀ ਮਿਹਰ ਕਰ ਕੇ ਸਾਨੂੰ ਇਸ ਭੁਲੇਖੇ ਤੋਂ ਬਚਾ ਲਿਆ ਹੈ।


Dext Laboratories (India) Pvt. Ltd.

(Transfusion Fluid Division)

**B-8, Ind. Focal Point, G. T. Road,**

**MOGA - 142 001**

Tel. : 3851, 3002 Cable : 'DEPT'

# ਭਾਈ ਹੀਰਾ ਸਿੰਘ ਰਾਗੀ ਦੀ ਯਾਦ

—ਪ੍ਰੋਫੈਸਰ ਪੂਰਨ ਸਿੰਘ ਜੀ

ਕੋਇਲ ਵਾਂਗੂ ਕੂਕਿਆ ਤੂੰ
    ਚਕੋਰ ਵਾਂਗੂੰ ਕੰਬੇ ਫੰਗ ਤੇਰੇ ਦੇਖ ਚੰਨ ਨੂੰ,
    ਚੁਪ ਜੀਵਨ, ਪ੍ਰੀਤ ਤੇਰੀ ਜਿਹੜੀ ਮੂੰਹੋਂ ਨਹੀਂ ਸੀ ਬੋਲਦੀ,
    ਪਰ ਚੀਟਦੀ ਸੀ ਦਿਲਾਂ ਨੂੰ, ਜੀਆਂ ਨੂੰ ਸੀ ਟੋਲਦੀ,
    ਗਾਉਂਦੀ ਸੀ ਕੇਵਲ ਨਾਂਵ ਸਾਂਈ ਦਾ ਜੀਭ ਤੇਰੀ,
    ਮੀਂਹ ਵਰਸਾਂਦੀ ਜਾਂਦੀ ਸੀ ਬਿਜਲੀ ਤੇਰੇ ਪਿਆਰ ਦੀ,
    ਨੈਣ ਬੱਦਲ ਵਸਦੇ ਸਨ ਦਿਲ ਟਿੱਬੇ ਭਰਦੇ,
    ਇਕ ਰਾਗ ਛਿੜਦਾ ਦਿੱਸਦਾ ਸੀ ਮਨੁਖ ਮਾਤ੍ਰ ਮਾਸ ਵਿਚ ।

—0—

ਤੂੰ ਭਰਾਵਾ ਦਸਿਆ :
    ਮਨੁੱਖ ਹੋਣਾ ! ਬਸ ਮਿੱਠੀ ਆਵਾਜ਼ ਹੈ,
    ਸਿੱਖ ਹੋਣਾ ਚੁਪ ਹੋਣਾ ਕੰਬ ਖਲੋਣਾ,
    ਪੱਥਰ ਮੋਮ ਕਰਨੇ ਆਵਾਜ਼ ਨਾਲ,
    ਦਿਲ ਛੁਪਾਣਾ ਆਪਣਾ ਤੇ ਦਿਲ ਹਿਲਾਣਾ ਸੰਸਾਰ ਦਾ,
    ਰਹਿਣਾ ਨਿਮਾਣਾ ਪਰ ਸਦਾ ਉਠਾਣਾ ਝੰਡਾ ਅਕਾਲੀ ਸਰਕਾਰ ਦਾ,
    ਬਸ ਇਹ ਯਾਦ ਤੇਰੀ ਆਉਂਦੀ,
    ਅਕਾਸ਼ ਵਿੱਚ ਉਠਦੀ ਦਿਸਦੀ ਉਹ ਦੋਹਰੀ ਪਗੜੀ,
    ਗੈਹਰੀ ਨੀਲੀ ਤੇਰੀ ਵਿੱਚ ਨੀਲਾਣ ਦੇ,
    ਓਹ ਦਿਸੇ ਖਿੜਿਆ ਮਸਤਕ ਤੇਰਾ ਜਿਸ ਉਪਰ ਹੁਣ ਦਿਸੇ ਚੰਨ ਟੈਹਕਦਾ:
    ਓਹ ਨੀਵੀਂ ਧੌਣ ਸੁਟੀ ਪਿਆਰੇ ਯਾਰ ਨੇ,
    ਓਹ ਹੋਠਾਂ ਵਿੱਚ ਪਰੋਤੀ ਹੈ ਸੀ ਨਿਮ੍ਰਤਾ ।
    ਅਛੋਹ ਇਕ ਜੱਫੀ ਜਿਹੀ ਪਾਉਂਦੀ,
    ਉਹ ਉੱਚੀ ਤਾਨ ਖਿਚੀ ਸੁਰਤ ਤੇਰੀ ਚੜ੍ਹਦੀ ਚੜ੍ਹਦੀ ਗਈ,
    ਉੱਚੀ ਗੂੰਜਦੀ ਜਾਉਂਦੀ ਅਕਾਸ਼ ਨੂੰ,
    ਓਹ ਫੁਲ ਵਰਗਾ ਪਯਾਰ ਵਿਚ ਕੰਬਦਾ ਸੋਹਣਾ ਨਾਜ਼ ਤੇਰਾ,
    ਜਿਹੜਾ ਮਾਰਦਾ ਹਨੇਰੇ ਨੂੰ ਛਟੀ ਪ੍ਰਕਾਸ਼ ਦੀ,
    ਫਟਦਾ ਆਕਾਸ਼ ਨੀਲਾ ਦਰਸਾਂਦਾ ਅਕਾਲ ਚਿਤ੍ਰ,
    ਅਰੂਪ ਨੂੰ ਰੰਗ ਰੂਪ ਵਿਚ ਦਰਸਾਂਦਾ,

ਦਰਸ਼ਨ ਕਰਾਉਂਦਾ ਸੱਚੇ ਦਰਬਾਰ ਦੇ।
ਕੀਰਤਨ ਤੇਰੀ ਚੀਰਦੀ ਦਿਲ ਦੀ ਅਕਲ,
ਵਸਾਂਦੀ ਬੀਆਬਾਨ ਨੂੰ ਜਾਂਦੀ ਅਨੰਤ ਨੂੰ,
ਗਾਉਂਦੀ ਨਾਉਂ ਅਰਸ਼ੀ ਸਰਕਾਰ ਦਾ।

—0—

ਜਦ ਦਿਲ ਚੜ੍ਹਦਾ ਹੜ੍ਹਾਂ ਤੇ ਤੇਰਾ ਇਥੇ ਬੈਠਾ, ਦਿਲ
ਦੇਂਦਾ ਲੈਂਦਾ ਜਾਂਦਾ ਸੀ ਤੂੰ ਅਗੰਮ ਗੁਰੂ ਦਰਬਾਰ ਨੂੰ,
ਓਹ ਸਚੇ ਢਾਢੀਆ !
ਮੈਂ ਤੱਕੀ ਸੀ ਰਜਨਾਂ ਫੜਕਦੀ ਤੇਰੀ ਇਸ਼ਕ ਅਕਾਲ ਵਿਚ,
ਹੁਣ ਸੁਟ ਟੁਰਿਆ ਭੋਰ ਅਕਾਲੀ ਸਾਰੇ ਭਾਰ,
ਹਲਕਾ ਹੋਇਆ ਵਿਚ ਬੈਠਾ ਜਾ ਉਪਰਲੇ ਸੋਹਣੇ ਚਮਕਦੇ,
ਗੁਰੂ ਦਰਬਾਰ ਵਿਚ।
ਭਾਈ ਹੀਰਾ ਸਿੰਘ ਆਇਆ
ਢਾਡੀ ਗੁਰੂ ਦਾ, ਗੁਰੂ ਫੁਰਮਾਇਆ :
ਮਾਤ ਲੋਕ ਦੇ ਵਿਚ ਗੁਰੂ ਬਾਣੀ ਗਾਉਂਦਾ,
ਬਰਖਾ ਕਰੋ ਅੱਜ ਸੰਸਾਰ ਤੇਂ,
ਮਿੱਠਤ ਵਸੇ ਠੰਡ ਵਸੇ ਮਿੱਤ੍ਰਤਾ ਦਾ ਮੀਂਹ ਪਾਓ
ਰਾਗ ਤੇ ਰੰਗ ਤੇ ਰਸ ਤੇ ਵੈਰਾਗ ਜੀਵਨ ਗੁਰੂ ਵਾਲਾ ਨਿੱਕਾ ਸੋਹਣਾ
ਪਿਆਰ ਵਸੇ ਮਿੱਠੀ ਮਿੱਠੀ ਗੱਲ ਕਰਦਾ ਫੁਲ ਵਰਗੀ ਸੇਵਾ,
ਲਾਓ ਹੱਥ ਜਾਂਦੇ ਬੱਦਲਾਂ ਨੂੰ ਸਿੰਘ ਸਾਹਿਬ !
ਸਤਿਗੁਰੂ ਫੁਰਮਾਇਆ ਜਾਓ ਵਰਸਾਓ ਠੰਡ ਰਾਹਾਂ ਤੇ ਦਿਲਾਂ ਵਿਚ
ਪ੍ਰੀਤ ਖੁਨਕ ਨਾਮ ਦੀ, ਜਹਾਨ ਸਾਰਾ ਉਡੀਕਦਾ !
ਆਦਮੀ ਬਸ ਕੀ ਹੈ ?
ਇਕ ਨਿੱਕਾ ਮਿੱਠਾ ਆਵਾਜ਼ ਜਿਹੜਾ ਪਤਾ ਦਿੰਦਾ ਅਨੰਤ ਦਾ
ਕੌਣ ਆਖੇ ਚੁੱਪ ਹੋਇਆ ਪਿਆਰ ਭਰਿਆ ਆਵਾਜ਼ ਇਹ ?
ਹਾਲੇ ਗਾਉਂਦਾ ਦੇਖ ਗੂੰਜ ਹਾਲੇ ਵਜਦੀ ਦਿਲਾਂ ਦੀ ਦੀਵਾਰ ਤੇ,
ਧਰਤੀ ਦੇ ਕਪਾਟ ਖੁਲ੍ਹਦੇ,
ਅਸਮਾਨ ਵਿਚ ਗੂੰਜ ਪਿਆਰੀ ਝੂਣਦੀ,
ਸਤਿਗੁਰੂ ਦੀ ਮੇਹਰ ਵਸਦੀ ਲੈਣ ਲੋਚਨ ਮੁੰਦਨਾ
ਦਿਲ ਠੰਡਾ ਹੋਂਵਦਾ, ਪ੍ਰਕਾਸ਼ ਦੇਖੋ
ਇਸ ਕਾਲੇ ਸਰਬ-ਕਾਲ ਵਿਚ, ਬਸ ਇਹ ਮੌਤ ਜੇ

ਇਹ ਕਰਾਮਾਤ ਕਰਤਾਰ ਦੀ ਖਿਣਕ ਮਰਨਾ
ਅੰਤ ਪਿਆਰ ਵਿਚ ।

—0—

ਰਾਗ ਤੇ ਸੁਰਾਂ ਤੇ ਤਰਬਾਂ ਦਾ ਅਨੰਤ ਮਰਨਾ,
ਖਿਣਕ ਜਿਣਕ ਗੁਮਣਾ ਸਤਾਰ ਵਿਚ ਜਿੰਦ ਪਾਉਂਦਾ
ਬੱਲਦੀ ਜਿਵੇਂ ਆਦਮੀ. ਬਸ ਇਹ ਮੌਤ ਜੇ
ਬਸ ਇਹੋ ਮਨੁੱਖ ਦੇ ਮਿੱਠੇ ਆਵਾਜ਼ ਦਾ ਹੈ ਲੁਕਣਾ
ਦਿਓ ਅਸੀਸਾਂ ਹੁਣ ਭਾਈ ਹੀਰਾ ਸਿੰਘ ਨੂੰ
ਕਿੰਨੀਆਂ ਅਨਗਿਣਤ ਤਰਬਾਂ ਜਿਹੜਾ ਹੈ ਛੇੜ ਗਿਆ,
ਕਾਲਜੇ ਵਿਚ ਰੁਮਕਣ ਤਰੰਗਾਂ
ਜਿਨ੍ਹਾਂ ਨੂੰ ਫੜ ਫੜ ਅਰੂਪ ਵਿਚ ਹੀਰਾ ਸਿੰਘ ਸਿੰਞਾਣੇ
ਮੁੜ ਸਾਰੇ ਆਪਣੇ ਪਿਆਰੇ ਸੁਣਨਹਾਰੇ
ਤੇ ਨਿੱਕੀਆਂ ਨਿੱਕੀਆ ਪਿਆਰ ਚੁੰਮੀਆਂ ਪਹੁੰਚਣ
ਰੂਹ ਦਵਾਰਾ, ਰੂਹ ਜਿਹੜਾ ਅੱਜ ਅਪਾਰ ਵਿਚ,
ਪਰ ਦਿਲ ਦਿਲਾਂ ਵਿਚ ਘੁਲਣ ਜੇ,
ਪਿਆਰ ਵਿਚ ਪਿਘਲੀਆਂ ਦੇ ਸੁਨੇਹੇ ਪੌਂਹਚਣ ਅਗੰਮ ਨੂੰ ।

—0—

ਸਤਾਰ ਸਰੀਰ ਵਾਲੀ ਟੁਟੀ ਢਾਡੀ ਗੁਰੂ ਪਿਆਰੇ ਦੀ
ਪਰ ਗੀਤ ਫੈਲੇ ਅੱਜ ਦਿਲਾਂ ਦੇ ਸੰਸਾਰ ਵਿਚ,
ਹਾਂ ! ਜੇ ਕੀਰਤਨ ਗੂੰਜੇ ਹੀਰਾ ਸਿੰਘ ਦੀ
ਪਿਆਰ ਵਾਲੀ ਯਾਦ ਵਿਚ
ਘਰ ਘਰ ਸਤਾਰ ਵਜੇ, ਰਬਾਬ ਦੀ ਆਵਾਜ਼ ਆਵੇ,
ਨਿਰੰਕਾਰ ਨਿਰੰਕਾਰ ਸਤਿ ਕਰਤਾਰ ਦੀ !!

(ਖਾਲਸਾ ਸਮਾਚਾਰ 30 ਸਤੰਬਰ 1926)

**ਨੋਟ :—** ਭਾਈ ਹੀਰਾ ਸਿੰਘ ਹੋਰਾਂ ਦੀ ਬਰਸੀ ਹਰ ਸਾਲ 2 ਸਤੰਬਰ ਨੂੰ ਮੇਜਰ ਆਗਿਆਪਾਲ ਸਿੰਘ ਜੀ ਦੇ ਗ੍ਰਹਿ 1051, ਸੈਕਟਰ 27 ਬੀ, ਚੰਡੀਗੜ੍ਹ ਵਿਖੇ ਮਨਾਈ ਜਾਂਦੀ ਹੈ ।


**ਗੁਰਬਾਣੀ ਕਥਾ ਅਤੇ ਕੀਰਤਨ ਦੀਆਂ ਟੇਪਾਂ**

ਅੰਮ੍ਰਿਤ ਕੀਰਤਨ ਟ੍ਰਸਟ, ਅੰਮ੍ਰਿਤ ਬਾਣੀ, ਅੰਮ੍ਰਿਤ ਰਸ, ਟੈਕਸਲਾ ਆਦਿ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਗੁਰਬਾਣੀ ਕੀਰਤਨ ਅਤੇ ਕਥਾ ਦੀਆਂ ਟੇਪਾਂ ਹੋਲਸੇਲ ਰੇਟ ਤੇ ਪ੍ਰਾਪਤ ਕਰੋ :

MATTA ELECTRONCIS
Shop No. 3. Ist Floor S.C.O. 1010-11
Sector 22-B Chandigarh.

# ਭਾਈ ਹੀਰਾ ਸਿੰਘ ਜੀ

—ਮੇਜਰ ਆਗਿਆਪਾਲ ਸਿੰਘ (ਰਿ.)

ਸੰਤ ਗਾਥਾ ਲਿਖਤ ਭਾਈ ਸਾਹਿਬ ਵੀਰ ਸਿੰਘ ਜੀ ਅਨੁਸਾਰ :-

1. ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦਾ ਜਨਮ ਸੰਨ 1879 ਵਿੱਚ ਸੰਤ ਭਾਈ ਰਾਮ ਕਿਸ਼ਨ ਜੀ ਸੇਵਾ ਪੰਥੀ ਦੀ ਅਸੀਸ-ਅਰਦਾਸ ਸਦਕਾ ਇੱਕ ਪਛੜੇ ਤੇ ਮੁਸਲਮਾਨੀ ਇਲਾਕੇ ਦੇ ਪਿੰਡ ਫਿਰੂਕਾ (ਹਾਲ ਪਾਕਿਸਤਾਨ) ਵਿੱਚ ਹੋਇਆ। ਭਾਈ ਹੀਰਾ ਸਿੰਘ ਜੀ ਗੁਰਬਾਣੀ ਤੇ ਗੁਰਇਤਿਹਾਸ ਦੀ ਸਿੱਖਿਆ ਆਪਣੇ ਪਿੰਡ ਦੇ ਇੱਕ ਵਿਦਵਾਨ ਤੇ ਗੁਣੀ ਪੁਰਸ਼ ਭਾਈ ਮਾਹਣਾ ਸਿੰਘ ਜੀ ਪਾਸੋਂ ਪ੍ਰਾਪਤ ਕਰਕੇ ਅਤੇ ਆਪਣੇ ਪਿਤਾ ਭਾਈ ਭਾਗ ਸਿੰਘ ਜੀ ਤੋਂ ਸੰਗੀਤ ਵਿਰਸੇ ਵਿੱਚ ਲੈ ਕੇ ਯੁਵਕ ਅਵਸਥਾ ਵਿੱਚ ਸ੍ਰੀ ਅੰਮ੍ਰਿਤਸਰ ਪੁੱਜੇ। ਇੱਥੇ ਸੇਵਾ ਸਿਮਰਨ ਨਾਲ ਸ੍ਰੀਮਾਨ ਸੰਤ ਅਤਰ ਸਿੰਘ ਜੀ ਦੀ ਸ਼ੁਭ ਸੰਗਤ ਪ੍ਰਾਪਤ ਹੋਈ ਤੇ ਨਾਮ ਦੀ ਰੰਗਣ ਚੜ੍ਹਦੀ ਗਈ। ਫਿਰ ਸਤਸੰਗ ਪ੍ਰਾਪਤ ਹੋਇਆ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ, ਜਿਸ ਨੇ ਸੋਨੇ ਤੇ ਸੁਹਾਗ ਦਾ ਕੰਮ ਕੀਤਾ :

2. ਭਾਈ ਹੀਰਾ ਸਿੰਘ ਜੀ ਦੀ ਜਿੰਦਗੀ ਦੇ ਥੋੜ੍ਹੇ ਜਿਹੇ ਸਾਲਾਂ (1879 ਤੋਂ 1926) ਵੱਲ ਨਜ਼ਰ ਮਾਰਦਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਸਾਰਾ ਜੀਵਨ ਪੰਥਕ ਉਸਾਰੀ ਦੇ ਕੰਮਾਂ ਵਿੱਚ ਬੀਤਿਆ। ਪ੍ਰਸਿੱਧ ਹਿਸਟੋਰੀਅਨ ਬਾਬਾ ਪ੍ਰੇਮ ਸਿੰਘ ਜੀ ਹੋਤੀ ਨੇ ਲਿਖਿਆ ਸੀ, " "ਭਾਈ ਸਾਹਿਬ ਕੇਵਲ ਰਾਗੀ ਨਹੀਂ ਸਨ, ਸਗੋਂ ਰਾਗੀ ਹੋਣ ਦੇ ਨਾਲ ਨਾਲ, ਉੱਚ ਪੰਥਕ ਉੱਨਤੀ ਦੇ ਸਾਰੇ ਕੰਮਾਂ ਦੀ ਰੂਹ ਸਨ, ਵਿੱਦਿਅਕ, ਧਾਰਮਕ ਅਤੇ ਸੁਧਾਰਕ ਆਦਿ, ਐਸੀ ਕੋਈ ਲਹਿਰ ਨਹੀਂ ਸੀ ਜਿਸ ਵਿੱਚ ਭਾਈ ਹੀਰਾ ਸਿੰਘ ਜੀ ਨੇ ਤਨ ਮਨ ਧਨ ਕਰਕੇ ਵੱਧ ਤੋਂ ਵੱਧ ਹਿੱਸਾ ਨਾ ਲਿਆ ਹੋਵੇ"

3. 1897-98 ਵਿੱਚ ਉਨ੍ਹਾਂ ਨੇ ਕੀਰਤਨ ਕਰਨਾ ਅਰੰਭ ਕੀਤਾ ਸੀ। ਕੈਸਟ ਟੇਪ ਰੀਕਾਰਡਰ ਜਾਂ ਵੀਡੀਓ ਦਾ ਤਾਂ ਕੀ ਕਹਿਣਾ ਉਦੋਂ ਗਰਾਮੋਫੋਨ ਤੇ ਲਾਊਡ ਸਪੀਕਰ ਵੀ ਹਾਲੀ ਨਹੀਂ ਸਨ ਹੁੰਦੇ ਫਿਰ ਵੀ ਭਾਈ ਸਾਹਿਬ ਦੇ ਕੀਰਤਨਾਂ ਵਿੱਚ ਹਾਜ਼ਰੀ ਪੰਜੀ ਪੰਜੀ, ਤੀਹ ਤੀਹ ਹਜ਼ਾਰ ਦੀ ਹੁੰਦੀ ਸੀ। ਉਨ੍ਹਾਂ ਦੇ ਕੀਰਤਨ ਦੀ ਖਿੱਚ ਤੇ ਕਥਨੀ ਦਾ ਪ੍ਰਭਾਵ ਇਸ ਕਦਰ ਸੀ ਕਿ ਸੰਗਤਾਂ ਨਿਯਮ ਸਮੇਂ ਤੋਂ ਪਹਿਲਾਂ ਆ ਜੁੜਦੀਆਂ ਤਾਂ ਜੋ ਅੱਗੇ ਥਾਂ ਲੱਭ ਸਕੇ। ਕਈ ਤਾਂ ਰਾਤ ਨੂੰ ਹੀ ਪੰਡਾਲ ਵਿੱਚ ਆ ਸੌਂਦੇ। ਆਣ ਜਾਣ ਦੇ ਸਾਧਨ ਵੀ ਉਨ੍ਹਾਂ ਦਿਨਾਂ ਵਿੱਚ ਕਠਨ ਸਨ। ਫਿਰ ਵੀ ਭਾਈ ਸਾਹਿਬ ਨੇ ਪਿਸ਼ਾਵਰ ਤੋਂ ਰਸ ਕੁਮਾਰੀ, ਕਸ਼ਮੀਰ ਤੋਂ ਕਰਾਚੀ, ਆਸਾਮ ਤੇ ਬਰਮਾ ਵਿੱਚ ਗੁਰੂ ਜੱਸ ਫੈਲਾਣ ਲਈ ਦਿਨ ਰਾਤ ਇੱਕ ਕੀਤਾ। ਕਈ ਕਈ ਮੀਲ ਮੋਢਿਆਂ ਤੇ ਸਾਜ਼ ਚੁੱਕ ਕੇ ਆਪਣੇ ਬਜਰਗ ਪਿਤਾ ਜੀ ਨੂੰ ਨਾਲ ਲੈ ਪੰਜਾਬ ਦੇ ਛੋਟੇ ਵੱਡੇ ਸ਼ਹਿਰਾਂ ਤੇ ਪਿੰਡਾਂ ਵਿੱਚ ਪੁੱਜ ਕੇ ਉਨ੍ਹਾਂ ਨੇ ਸਿੱਖੀ ਦਾ ਸਿੰਘ ਨਾਦ ਵਜਾਇਆ ਤੇ ਗੁਰਬਾਣੀ ਰਾਗਾਂ ਵਿੱਚ ਗਾਇਨ ਕਰਕੇ ਖੁਦ ਕਿਸੇ ਉੱਚੇ ਮੰਡਲ ਵਿੱਚ ਪੁੱਜ ਕੇ ਸਰੋਤਿਆਂ ਨੂੰ ਸਜਲ ਨੇਤਰ ਕਰਕੇ ਅਰਸ਼ੀ ਜਲਵੇ ਦਿਖਾਏ। ਭਾਈ ਤੇਜਾ ਜੀ ਕੋਹਲੀ ਨੇ ਗੁਰਮਤਿ ਪ੍ਰਕਾਸ਼ ਮਾਰਚ 19[illegible]4 ਵਿੱਚ ਲਿਖਿਆ ਸੀ।

"ਇਹ ਗੱਲ ਨਿਹਸੰਦੇਹ ਹੈ ਕਿ ਇੱਕ ਰਾਗੀ ਵੀ ਜਿਸ ਸ਼ਖਸ਼ ਨੇ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਤੇ ਕੀਰਤਨੀ ਵਿਆਖਿਆ ਸੁਣੀ ਤੇ ਉਨ੍ਹਾਂ ਦੇ ਗੁਰੂ ਚਰਨਾਂ ਨਾਲ ਜੁੜੇ ਮਨ ਅੰਦਰ ਗੁਰਬਾਣੀ ਨਾਲ ਅੰਦਰੋਂ ਬਾਹਰੋਂ ਫੁੱਟ-ਫੁੱਟ ਪੈਂਦੇ ਪ੍ਰੇਮ ਦੀ ਦਸ਼ਾ ਵੇਖੀ, ਉਹ ਪਹਿਲਾਂ ਵਰਗਾ ਨਾ ਰਹਿ ਸਕਦਾ, ਬਦਲ ਜਾਂਦਾ, ਸਚਾਈ ਸ਼ਾਹਿਸਤਗੀ, ਧਰਮ ਅਤੇ ਵਧੀਆ ਇਨਸਾਨੀਅਤ ਦੀ ਲੋਚਾ ਵਿੱਚ ਤੜਪ ਉਠਦਾ।"

4. ਹਿੰਦੁਸਤਾਨ ਭਰ ਵਿੱਚ ਹਰ ਥਾਂ ਹੋਣ ਵਾਲੇ ਗੁਰਮਤ ਸਮਾਗਮਾਂ (ਉਦੋਂ ਜਲਸੇ ਕਹੇ ਜਾਂਦੇ ਸਨ) ਵਿੱਚ ਉਨ੍ਹਾਂ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ ਸੀ ਤੇ ਜਿਸ ਤੇ ਪੁੱਜੇ ਬਿਨਾਂ ਸੰਗਤਾਂ ਭਾਰੀ ਕਮੀ ਮਹਿਸੂਸ ਕਰਦੀਆਂ ਸਨ। ਉਨ੍ਹਾਂ ਨੇ ਜੀਵਨ ਭਰ ਨਿਰੋਲ ਗੁਰਮਤ ਦਾ ਪਰਚਾਰ ਕੀਤਾ। ਆਪਣੀ ਜਾਦੂ ਬਿਆਨੀ ਨਾਲ ਹਜ਼ਾਰਾਂ ਮਨੁੱਖਾਂ ਕੋਲੋਂ ਸ਼ਰਾਬ ਆਦਿ ਦੁਰਗੁਣ ਤੇ ਹੋਰ ਕੁਰੀਤੀਆਂ ਦਾ ਤਿਆਗ ਕਰਾਇਆ। ਊਚ ਨੀਚ ਦੇ ਭਰਮ ਮਿਟਾ ਕੇ ਗੁਰਮਤ ਦੇ ਗਾਡੀ ਰਾਹ ਤੇ ਚਲਾਇਆ, ਗੁਰ ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਨੂੰ ਪਰਚਲਤ ਕੀਤਾ। ਗੁਰਦੁਆਰਿਆਂ ਦੇ ਸੁਧਾਰ ਨਮਿਤ ਦਿਲ ਹਿਲਾ ਦੇਣ ਵਾਲੀ ਵਿਆਖਿਆ ਨਾਲ ਸੁੱਤੀ ਕੌਮ ਨੂੰ ਜਗਾਇਆ। ਗੁਰਮਿਤ ਦੀਆਂ ਘੁੰਡੀਆਂ ਯੋਗਤਾ ਨਾਲ ਖੋਹਲ ਕੇ ਸੈਂਕੜੇ ਨਹੀਂ ਹਜ਼ਾਰਾਂ ਨੂੰ ਗੁਰੂ ਨਾਨਕ ਦੇਵ ਤੇ ਦਸਮੇਂ ਪਾਤਸ਼ਾਹ ਦੇ ਝੰਡੇ ਹੇਠ ਲਿਆ ਕੇ ਸਿੰਘ ਸਜਾਇਆ।

5. ਭਾਈ ਸਾਹਿਬ ਦੇ ਬਚਨਾਂ ਦਾ ਪ੍ਰਭਾਵ ਸੰਗਤਾਂ ਤੇ ਕਿਸ ਤਰ੍ਹਾਂ ਪੈਂਦਾ ਸੀ ਇਸ ਬਾਰੇ ਸ. ਹਰਦਿਤ ਸਿੰਘ ਜੀ ਮਲਿਕ ਆਈ. ਸੀ. ਐਸ, ਤੇ ਸਾਬਕਾ ਰਾਜਦੂਤ ਭਾਰਤ ਸਰਕਾਰ ਨੇ ਉਨ੍ਹਾਂ ਦੀ ਅਦਭੁੱਤ ਸ਼ਕਤੀ ਦਾ ਅੱਖੀਂ ਵੇਖਿਆ ਨਜ਼ਾਰਾ ਜੋ ਅੰਗਰੇਜ਼ੀ ਵਿੱਚ ਲਿਖਤੀ ਰੂਪ ਵਿੱਚ ਕਾਫ਼ੀ ਵਿਸਥਾਰ ਵਿੱਚ ਹੈ ਉਸ ਦੇ ਕੁਝ ਸ਼ਬਦ ਇਸ ਤਰ੍ਹਾਂ ਹਨ।"

I was fortunate, when still a youngster, to hear the Jatha of Bhai Hira Singh ji do Kirtan on several occasions and always found it entranc ing because Bhai Hira Singh ji had the gift of taking you entirely out of yourself and in a world of celestial song and rapture. This he was able to do not only because of his knowledge and skill at rag but also because of the sweeteness of his voice' his devotion and comlete dedication to his work and his unusually sweet and humble personality.

This rare combination gave him the power, while he was doing Kiatan to hold completely the attention of his listeners, the Sangat, however large the congregation.

I personally witnessed a most impressive demonstration of this power. In 19[illegible]3, I think it was, on the occasion of sri Guru Nank Dev Ji's Gurpurh at the evening Diwan which was being held at Gurdwara Janam Asthan at Nankana Sahib. I happened to be at that time Deputy

Commissioner of Sheikhupura District in which Nanakana Sahib was located and was there to see that every thing possible was dane to ensure a peaceful celebration of the Gurpurb.

It was a very large congregation, almost a lakh of pepople and the Gurudwara itself, the courtyard outside and the roofs of the adjoining building were all packed with people. And as there were a large number of children of their mothers and aunts and so on, there was a lot of noise and confusion with people talking, women specially, and the children crying and yelling. what made this situation particularly difficult to handle was the fact that the congregation was spread over such a large sprawling area.

The ragis were sitting as usual near where there was Parkash of Sri Guru Granth Sahib Ji inside the Gurudwara and when they started, the noise and confusion were such that even those of us who were sitting quite close to the ragis could hardly follow the Kirtan let alone the thousands sitting all round in an area extending to over a hundred yards from the centre. Remember those were the days before there were any loud-speakers. There was,therefore, complete chaos and most of us who tried to quiet down the people so that all those present could hear the ragis gave it up as an hopeless task.

Then Bhai Hira Singh ji in his sweet low and meldious voice begged the people sitting close to him, say up to about ten yards away to keep completely silent, and after this was achieved he widened yet another 10 yards the "silent" circle. Then gradually he continued to extend the circle until his voice reached those who were farthest away on the roof tops. In this way he achieved complete silence throughout until, as they say you could have heard a pin drop. The Kirtan then proceeded for an hour or more with this vast congregation absolutely fascinated by Bhai Hira Singh Ji's performance.

I can never forget this amazing example of crowd control not through force or police but by sheer sweetness of personality.

6. ਇਹ ਠੀਕ ਹੈ ਕਿ ਆਪ ਦੇ ਕੀਰਤਨਾਂ ਵਿੱਚ ਲਛਮੀ ਮੀਂਹ ਦੀ ਤਰ੍ਹਾਂ ਵਸਦੀ ਸੀ ਪਰ ਭਾਈ ਸਾਹਿਬ ਦਾ ਯਤਨ ਹੁੰਦਾ ਸੀ ਕਿ ਜੋ ਵੀ ਮਾਇਆ ਆਵੇ ਉਹ ਵੱਧ ਤੋਂ ਵੱਧ ਪੰਥਕ

ਕਾਰਜਾਂ ਪਰ ਖਰਚ ਹੋਵੇ ਉਹ ਮਾਇਆ ਤੋਂ ਨਿਰਲੇਪ ਰਹਿੰਦੇ ਸਨ, ਸਹੀ ਲਫਜ਼ਾਂ ਵਿੱਚ ਉਹ
ਮਾਇਆ ਵਿੱਚ ਉਦਾਸੀ ਪੁਰਸ਼ ਸਨ ।

7. ਭਾਈ ਹੀਰਾ ਸਿੰਘ ਜੀ ਨੇ ਦੁਨਿਆਵੀ ਵਿੱਦਿਆ ਤਾਂ ਬਹੁਤੀ ਨਹੀਂ ਸੀ ਪ੍ਰਾਪਤ
ਕੀਤੀ ਪਰ ਭਾਈ ਸਾਹਿਬ ਸੁੱਧ ਸਿੰਘ ਜੀ ਦੇ ਸ਼ਬਦਾਂ ਵਿੱਚ ਵਾਹਿਗੁਰੂ ਨੇ ਉਸ ਨੂੰ ਅਗੰਮ ਦੀ
ਵਿੱਦਿਆ ਬਖਸ਼ੀ ਹੋਈ ਸੀ। ਉਸ ਦੀ ਰਸਨਾ ਤੇ ਸੁਰਸਵਤੀ ਦਾ ਨਿਵਾਸ ਸੀ ਤੇ ਵਾਕ ਰਚਨਾ
ਦਾ ਤਾਂ ਮਾਨੋ ਉਹ ਉਸਤਾਦ ਸੀ। ਉਸ ਦੀ ਵਿਆਖਿਆ ਤੇ ਮਜ਼ਮੂਨ ਬੰਦੀ ਏਨੀ ਵਿਸ਼ਾਲ ਹੁੰਦੀ
ਸੀ ਕਿ ਹਜ਼ਾਰਾਂ ਸਰੋਤਿਆਂ ਨੂੰ ਇੱਕ ਸੂਤ ਵਿੱਚ ਮਾਲਾ ਦੇ ਮਣਕਿਆਂ ਵਾਂਗ ਪਰੋ ਕੇ ਬੰਨ੍ਹ ਛੱਡਦਾ
ਸੀ ਤੇ ਕਮਾਲ ਇਹ ਸੀ ਕਿ ਤਿੰਨ-ਤਿੰਨ ਚਾਰ-ਚਾਰ ਘੰਟਿਆਂ ਵਿੱਚ ਕਿਸੇ ਨੂੰ ਹਿੱਲਣ ਨਹੀਂ ਸੀ
ਦਿੰਦਾ। ਉਸ ਦੇ ਵਕਤੱਵਯ ਦਾ ਮਿੱਠਾ ਰੱਸ ਤੇ ਉਸ ਦੀ ਫਲਸਫਾ-ਤਰਤੀਬ ਉਸ ਦੇ ਨਾਲ ਤੁਰ
ਗਈ, ਅੱਜ ਨਹੀਂ ਕਿਤੇ ਲੱਭਦੀ। ਹਾਂ ਜੀ, ਉਸ ਦੀ ਸਰੋਤਾ ਜਨਾਂ ਨੂੰ ਢਾਲ ਦੇਣ ਵਾਲੀ ਤੀਖਣ
ਅਪੀਲ, ਪੱਥਰ ਦਿਲਾਂ ਨੂੰ, ਕਠੋਰ ਦਿਲਾਂ ਨੂੰ ਮੋਮ ਤੇ ਮੱਖਣ ਦੀ ਤਰ੍ਹਾਂ ਕੋਮਲ ਕਰ ਦੇਣ ਵਾਲੀ
ਸ਼ਕਤੀ ਅੱਜ ਕਿੱਥੇ ਹੈ ? ਕੋਈ ਜੀਵਨ ਸੀ, ਕੋਈ ਕਮਾਈ ਸੀ !

ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਨੇ ਲਿਖਿਆ ਹੈ ਕਿ "ਉਨ੍ਹਾਂ ਦਾ ਮੁੱਖ ਪ੍ਰਯੋਜਨ ਪ੍ਰਚਾਰ
ਸੀ ਨਾ ਕਿ ਮਾਇਆ ਇੱਕਤਰ ਕਰਨਾ। ਇਸੇ ਲਈ ਉਹ ਇਤਨੇ ਕਾਮਯਾਬ ਪ੍ਰਚਾਰਕ ਸਨ।"

8. ਜਦ ਪੰਥ ਵਿੱਚ ਵਿੱਦਿਅਕ ਉੱਨਤੀ ਦੇ ਯਤਨ ਹੋਏ ਤੇ ਖਾਲਸਾ ਸਕੂਲ ਅਥਵਾ
ਕਾਲਜ ਖੁਲ੍ਹਣੇ ਸ਼ੁਰੂ ਹੋਏ ਤਾਂ ਭਾਈ ਹੀਰਾ ਸਿੰਘ ਜੀ ਨੇ ਹਰ ਆਸ਼ਰਮ ਲਈ ਆਪਣੀ ਸੇਵਾ
ਅਰਪਨ ਕੀਤੀ ਤੇ ਮਾਇਆ ਇਕੱਤਰ ਕਰਕੇ ਹਾਜ਼ਰ ਕੀਤੀ। ਇਸ ਸਬੰਧ ਵਿੱਚ ਖਾਲਸਾ ਸਮਾਚਾਰ
ਦੇ ਮੁੱਖ ਲੇਖ 9 ਸਤੰਬਰ 1926 ਵਿੱਚ ਲਿਖਿਆ ਹੈ 'ਸਿੱਖ ਕੌਮ ਵਿੱਚ ਵਿਦਿਆ ਦੀ ਬ੍ਰਿਧੀ ਲਈ
ਪ੍ਰਚਾਰ ਕਰਨ ਵਾਲਾ ਉਹ ਅਣਥੱਕ ਸੇਵਕ ਜਿਸ ਨੇ ਦੋ ਲੱਖ ਰੁਪੈ ਦੇ ਕਰੀਬ ਨਾਲ ਇੱਕ (ਖਾਲਸਾ
ਹਾਈ ਸਕੂਲ ਫਿਰੂਕਾ) ਹਾਈ ਸਕੂਲ, ਬਣਾਇਆ ਤੇ ਪੰਥ ਦੇ ਲੱਗਭਗ ਸਾਰੇ ਆਸ਼ਰਮਾਂ ਨੂੰ
ਆਪਣੇ ਪੁਰ ਅਸਰ ਕੀਰਤਨ ਨਾਲ ਲੱਖਾਂ ਦਾ ਦਾਨ ਦਿਵਾਇਆ। ਫਿਰੂਕਾ ਸਕੂਲ ਤਾਂ ਲੱਗਭਗ
ਸਾਰਾ ਉਸ ਉਤਸ਼ਾਹ ਦੀ ਕਾਮਯਾਬੀ ਲਈ ਆਪਣੀ ਗਾੜ੍ਹੀ ਕਮਾਈ ਵਿੱਚੋਂ ਰਕਮ ਦੇ ਕੇ ਆਸ਼ਰਮ
ਨੂੰ ਕਾਮਯਾਬ ਬਣਾਉਂਦੇ ਰਹੇ।"

ਸਿੰਘ ਜੀ ਨੇ ~~1887~~ 1897 ਤੋਂ ਹਿੱਸਾ ਲੈਣਾ ਸ਼ੁਰੂ ਕੀਤਾ।
9. ਸਿੰਘ ਸਭਾ ਦੇ ਸਮਾਗਮਾਂ ਵਿੱਚ ਭਾਈ ਹੀਰਾ ਸਿੰਘ ਜੀ ਨੇ ... ਗਿਣਤੀ ਦੀਆਂ ਸਿੰਘ ਸਭਾਵਾਂ
ਫਿਰੂਕੇ ਇਸੇ ਵਰ੍ਹੇ ਸਿੰਘ ਸਭਾ ਕਾਇਮ ਕੀਤੀ। ਜੋ ਉਸ ਵਕਤ ਗਿਣਤੀ ਦੀਆਂ ਸਿੰਘ ਸਭਾਵਾਂ
ਵਿੱਚੋਂ ਸੀ। ਭਾਈ ਸਾਹਿਬ ਨੇ ਹਰ ਸਾਲ ਫਿਰੂਕੇ ਧਾਰਮਿਕ ਦੀਵਾਨ ਕਰਨੇ ਸ਼ੁਰੂ ਕੀਤੇ। ਗੁਰਮਤ
ਪ੍ਰਚਾਰ ਤੋਂ ਇਲਾਵਾ ਵਿਦਿਅਕ ਉੱਨਤੀ ਲਈ ਭੀ ਜਾਗਰਿਤੀ ਲਿਆਂਦੀ ਜਿਸ ਦਾ ਸਿੱਟਾ 1906
ਵਾਲੇ ਦੀਵਾਨ ਦੇ ਅਵਸਰ ਪਰ ਫਿਰੂਕੇ ਇੱਕ ਕੰਨਿਆ ਪਾਠਸ਼ਾਲਾ ਖੋਲ੍ਹ ਦਿੱਤੀ, ਫਿਰ 1907
ਦੇ ਦੀਵਾਨ ਵਿੱਚ ਹਾਈ ਸਕੂਲ ਖੋਲ੍ਹਣ ਦਾ ਫੈਸਲਾ ਹੋਇਆ। ਇਹ ਸਕੂਲ ਸਾਰੇ ਪੰਜਾਬ ਵਿੱਚ
ਉਸ ਵਕਤ ਤੱਕ ਖੁਲ੍ਹੇ ਖਾਲਸਾ ਸਕੂਲਾਂ ਦੀ ਲਿਸਟ ਵਿੱਚ ਛੇਵੇਂ ਨੰਬਰ ਤੇ ਸੀ। ਇਹ ਉਹ ਦਿਨ

ਸਨ ਜਦੋਂ ਸਿੰਘ ਸਭਾ ਦੀ ਬੜੀ ਵਿਰੋਧਤਾ ਹੁੰਦੀ ਸੀ । ਗੁਰ ਮਰਿਆਦਾ ਨਾਲ ਅਨੰਦ ਕਾਰਜ ਹੋਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ । ਸਿੱਖ ਘਰਾਂ ਵਿੱਚ ਸਰਾਧ ਤੇ ਨਰਾਤੇ ਮਨਾਏ ਜਾਂਦੇ ਸਨ, ਫੁੱਲ ਹਰਦੁਆਰ ਭੇਜੇ ਜਾਂਦੇ ਸਨ । ਇਹਨਾਂ ਤੋਂ ਰੋਕਣਾ ਭਾਈ ਸਾਹਿਬ ਦੇ ਪ੍ਰਚਾਰ ਦਾ ਮੁੱਖ ਕਾਰਜ ਸੀ, ਸਿੰਘ ਸਭਾ ਲਹਿਰ ਦੇ ਫਲ ਸਰੂਪ ਚੀਫ ਖਾਲਸਾ ਦੀਵਾਨ ਦੀ ਸਥਾਪਨਾ ਹੋਣ ਤੇ ਆਪ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ, ਸਰਦਾਰ ਸੁੰਦਰ ਸਿੰਘ ਜੀ ਮਜੀਠੀਆ, ਸ. ਹਰਬੰਸ ਸਿੰਘ ਜੀ ਅਟਾਰੀ ਆਦਿ ਨਾਲ ਮਿਲ ਕੇ ਗੁਰਮਤਿ ਪ੍ਰਚਾਰ, ਅੰਮ੍ਰਿਤ ਪ੍ਰਚਾਰ ਅਤੇ ਪੰਥ ਦੀ ਅਨੇਕ ਤਰ੍ਹਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਸਿੱਖ ਐਜੂਕੇਸ਼ਨ ਕਾਨਫਰੰਸ ਦੀ ਸਥਾਪਨਾ ਕਰਨ ਵਾਲਿਆਂ ਵਿੱਚ ਆਪ ਇੱਕ ਮੋਢੀ ਸਨ । ਕਾਨਫਰੰਸਾਂ ਵਿੱਚ ਆਮ ਤੌਰ ਤੇ ਅਪੀਲ ਦੀ ਸੇਵਾ ਆਪ ਦੇ ਹਿਸੇ ਆਉਂਦੀ ਸੀ । ਆਪ ਦੀ ਅਪੀਲ ਵਿੱਚ ਸ਼ਕਤੀ ਹੁੰਦੀ ਸੀ ਤੇ ਆਪ ਦੇ ਲਫ਼ਜ਼ਾਂ ਦਾ ਇਸ ਕਦਰ ਅਸਰ ਹੁੰਦਾ ਸੀ ਕਿ ਸੰਗਤਾਂ ਦੀਆਂ ਜੇਬਾਂ ਵਿੱਚ ਰੁਪਏ ਉਛਲ ਕੇ ਬਾਹਰ ਆ ਪੈਂਦੇ ਸਨ । ਆਪਣੇ ਵਾਜੇ ਤੇ ਆਈ ਮਾਯਾ ਵੀ ਉੱਥੇ ਹੀ ਦੇ ਦਿੰਦੇ ਸਨ ।

10. ਭਾਈ ਹੀਰਾ ਸਿੰਘ ਦਾ ਨਾਂ ਨਨਕਾਣੇ ਸਾਹਿਬ ਦੇ ਮਹਾਨ ਇਤਿਹਾਸਕ (1921 ਵਾਲੇ) ਸਾਕੇ ਨਾਲ ਵੀ ਜੁੜਿਆ ਹੋਇਆ ਹੈ । ਗੁਰੂ ਕੇ ਬਾਗ ਦੇ ਮੋਰਚੇ ਸਮੇਂ 1922 ਵਿੱਚ ਮੰਜੀ ਸਾਹਿਬ ਦੇ ਨੇੜੇ ਦੀਵਾਨ ਸਜਿਆ ਕਰਦੇ ਸਨ । ਜਿਨ੍ਹਾਂ ਵਿੱਚ ਸੰਗਤਾਂ ਨੂੰ ਮੋਰਚੇ ਵਿੱਚ ਜਾਣ ਲਈ ਉਤਸ਼ਾਹ ਦਿੱਤਾ ਜਾਂਦਾ ਸੀ । ਇਨ੍ਹਾਂ ਦੀਵਾਨਾਂ ਵਿੱਚ ਭਾਈ ਸਾਹਿਬ ਕੀਰਤਨ ਦੇ ਨਾਲ ਸ਼ਹੀਦੀ ਪ੍ਰਸੰਗ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਦੇ ਸਨ । ਇਸੇ ਤਰ੍ਹਾਂ ਜੈਤੋਂ ਦੇ ਮੋਰਚੇ ਸਮੇਂ ਅੰਗਰੇਜ਼ ਦੀਆਂ ਵਰ੍ਹਦੀਆਂ ਗੋਲੀਆਂ ਅੱਗੇ ਛਾਤੀ ਤਾਣ ਕੇ ਜਾਣ ਵਾਲਿਆਂ ਸ਼ਹੀਦੀ ਜੱਥਿਆਂ ਨੂੰ ਅਕਾਲ ਤਖਤ ਸਾਹਿਬ ਦੇ ਮੰਚ ਤੋਂ ਕੀਰਤਨ ਦੁਆਰਾ ਪ੍ਰੇਰਨਾ ਦੇਣ ਲਈ ਅਤੇ ਸੱਚੀ ਬੀਰਤਾ ਦਾ ਸਬਕ ਸਿਖਾਉਣ ਲਈ ਪੰਥ ਨੇ ਭਾਈ ਸਾਹਿਬ ਦੀ ਹਸਤੀ ਨੂੰ ਹੀ ਚੁਣਿਆ ਤੇ ਇਹ ਸੇਵਾ ਉਨ੍ਹਾਂ ਕਈ ਦਿਨ ਨਿਭਾਈ ਇਨ੍ਹਾਂ ਕੀਰਤਨਾਂ ਵਿੱਚ ਆਈ ਮਾਇਆ ਇਨ੍ਹਾਂ ਸ਼ਹੀਦੀ ਜੱਥਿਆਂ ਦੇ ਬਸਤ੍ਰਾਂ ਤੇ ਲੰਗਰ ਆਦਿ ਲਈ ਸ਼ਰੋਮਣੀ ਕਮੇਟੀ ਦੀ ਸੇਵਾ ਵਿੱਚ ਅਰਪਨ ਕਰ ਦਿੱਤੀ ।

11. ਸਿੰਘ ਸਭਾ ਪਤ੍ਰਿਕਾ ਦੇ 'ਭਾਈ ਹੀਰਾ ਸਿੰਘ ਅੰਕ' (ਨਵੰਬਰ 1979) ਵਿੱਚ ਪ੍ਰਸਿੱਧ ਵਿਦਵਾਨ ਗਿਆਨੀ ਗੁਰਦਿੱਤ ਸਿੰਘ ਜੀ ਨੇ ਭਾਈ ਸਾਹਿਬ ਬਾਰੇ ਇਸ ਤਰ੍ਹਾਂ ਲਿਖਿਆ ਹੈ, 'ਭਾਈ ਹੀਰਾ ਸਿੰਘ ਅਜੇਹੇ ਅਨੇਕਾਂ ਲਿਸ਼ਕਦੇ ਪਹਿਲੂਆਂ ਵਾਲੇ ਹੀਰੇ ਸਨ' ਜਿਨ੍ਹਾਂ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਦੇਖਿਆ ਜਾਵੇ, ਉਧਰੋਂ ਹੀ ਪੂਰੇ ਸੂਰੇ ਨਜ਼ਰ ਪੈਂਦੇ ਹਨ । ਉਨ੍ਹਾਂ ਦੇ ਜੀਵਨ ਦੇ ਹਾਲਾਤ ਜਿਉਂ ਜਿਉਂ ਮੈਂ ਵਾਚਦਾ ਗਿਆ । ਸੰਚਿਤ ਕੀਤੀ ਸੈਂਚੀ ਅਤੇ ਰੀਪੋਰਟ ਵਿੱਚ ਦੇਖਦਾ ਗਿਆ ਮੇਰਾ ਅੰਦਰਲਾ ਸ਼ਰਧਾ ਦੇ ਰੰਗ ਨਾਲ ਭਰ ਕੇ ਅੱਖਾਂ ਥੀਂ ਵਗਦਾ ਰਿਹਾ । ਮੁੜ-ਮੁੜ ਖਿਆਲ ਉਭਰਦੇ ਰਹੇ, ਅਜੇਹਾ ਲਾਸਾਨੀ ਪੰਥ ਸੇਵਕ, ਅਜੇਹਾ ਨਿਰਮਾਣ ਪ੍ਰਚਾਰਕ, ਅਜੇਹਾ ਨਿਰਲੋਭ ਕੀਰਤਨੀਆ, ਅਦਭੁਤ ਵਿਆਖਿਆਕਾਰ ਕੀ ਸਿੱਖ ਪੰਥ ਵਿੱਚ ਏਸ ਸਦੀ ਕੋਈ ਹੋਰ ਵੀ ਹੋਇਆ ਹੈ ? ਜਿੰਨੇ ਗੁਣ ਭਾਈ ਹੀਰਾ ਸਿੰਘ ਜੀ ਵਿੱਚ ਸਨ, ਏਨੇ ਕਿਸੇ ਹੋਰ ਵਿੱਚ ਹੋਣ ਤੱਦ ਹੀ ਉਸ ਉੱਪਰ ਉਂਗਲੀ ਟਿਕਾਈ ਜਾ ਸਕੇ ? ਏਨੇ ਸੁੰਦਰ ਗੁਣਾਂ ਤੇ ਰਸ ਭਿੰਨਿਆਂ

ਸੁਗੰਧੀਆਂ ਦਾ ਗੁਲਦਸਤਾ ਕਿਸੇ ਇੱਕ ਵਿਅਕਤੀ ਦੇ ਰੂਪ ਵਿੱਚ ਬਝਿਆ ਹੋਵੇ ਤੱਦ ਹੀ ਕਿਸੇ ਦਾ ਜ਼ਿਕਰ ਕੀਤਾ ਜਾ ਸਕੇ ?"

"ਐਸੇ ਜਨ ਵਿਰਲੇ ਸੰਸਾਰੇ ॥"

12. ਭਾਈ ਹੀਰਾ ਸਿੰਘ ਜੀ ਸ੍ਰੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਦੇ ਜੱਥੇ ਵਿੱਚ ਥੋੜ੍ਹਾ ਹੀ ਸਮਾਂ ਰਹੇ ਮਨ ਪਰ ਉਨ੍ਹਾਂ ਦੇ ਮਨ ਅੰਦਰ ਸ੍ਰੀ ਸੰਤ ਜੀ ਲਈ ਸਨਮਾਨ ਅੰਤ ਤੱਕ ਕਾਇਮ ਰਿਹਾ। ਧਾਰਮਿਕ ਦੀਵਾਨਾਂ ਵਿੱਚ ਤੇ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਦੇ ਸਮਾਗਮਾਂ ਪਰ ਇੱਕਠੇ ਪ੍ਰਚਾਰ ਦੀ ਸੇਵਾ ਕਰਦੇ ਰਹੇ। ਆਪਣੇ ਨਗਰ ਫਿਰੂਕੇ ਵਿੱਚ ਕਰੀਬਨ ਹਰੇਕ ਧਾਰਮਿਕ ਦੀਵਾਨ ਦੇ ਅਵਸਰ ਪਰ ਸੰਤ ਜੀ ਨੂੰ ਬੇਨਤੀ ਕਰਕੇ ਲੈ ਜਾਂਦੇ ਤੇ ਕਈ ਕਈ ਦਿਨ ਉੱਥੇ ਕੀਰਤਨ ਦੇ ਪ੍ਰਵਾਹ ਚਲਦੇ ਸਨ। ਪਹਿਲੀ ਵਾਰੀ ਫਿਰੂਕੇ ਸੰਤ ਜੀ 1903 ਵਿੱਚ ਗਏ ਤੇ 18 ਦਿਨ ਰਹਿ ਕੇ ਉੱਥੇ ਉਨ੍ਹਾਂ ਨੇ ਕੀਰਤਨ ਦੀ ਵਰਖਾ ਲਾਈ। ਇਨ੍ਹਾਂ ਹੀ ਦਿਨਾਂ ਵਿੱਚ, ਇੱਕ ਸ਼ਾਮ ਨੂੰ ਸ੍ਰੀ ਸੰਤ ਜੀ ਇੱਕ ਖੂਹ ਦੇ ਨੇੜੇ ਜਾ ਬੈਠੇ ਤੇ ਸਿਮਰਨ ਵਿੱਚ ਮਗਨ ਹੋ ਗਏ। ਜਦ ਸਮਾਧੀ ਖੁਲ੍ਹੀ ਤਾਂ ਬਚਨ ਕੀਤਾ ਕਿ ਇੱਥੇ ਕਿਸੇ ਗੁਰਮੁਖ ਨੇ ਅਭਿਆਸ ਕੀਤਾ ਹੈ, ਚਿਤ ਖਿੜਿਆ ਹੈ।" ਭਾਈ ਹੀਰਾ ਸਿੰਘ ਜੀ ਨੇ ਉਸ ਖੂਹ ਦੀ ਜ਼ਮੀਨ ਹੀ ਖਰੀਦ ਲਈ ਤੇ ਜਿਸ ਜਗ੍ਹਾ ਤੇ ਸੰਤ ਜੀ ਬੈਠੇ ਸਨ, ਉਸ ਜਗ੍ਹਾ ਤੇ ਇੱਕ ਗੁਫਾ ਬਣਵਾ ਦਿੱਤੀ। ਇਸ ਗੁਫਾ ਦੀ ਸੇਵਾ ਭਾਈ ਸਾਹਿਬ ਨੇ ਇਲਾਕੇ ਦੀਆਂ ਸੰਗਤਾਂ ਦੇ ਨਾਲ ਬਾਣੀ ਪੜ੍ਹਦਿਆਂ ਕੀਤੀ। ਇਹ ਗੁਫਾ ਇੱਕ ਛੋਟੀ ਜਿਹੀ ਦੋ ਮੰਜਲੀ ਇਮਾਰਤ ਸੀ। ਜਿਸ ਦੇ ਹੇਠ ਇੱਕ ਤਹਿਖਾਨਾ ਤੇ ਉੱਪਰ ਇੱਕ ਚੁਬਾਰਾ ਸੀ। ਉਸ ਤੋਂ ਪਿਛੋਂ ਜਦ ਵੀ ਸੰਤ ਜੀ ਫਿਰੂਕੇ ਆਂਦੇ ਇਸੇ ਗੁਫਾ ਵਿੱਚ ਬਿਸਰਾਮ ਕਰਦੇ। ਭਾਈ ਸਾਹਿਬ ਵੀ ਜਦ ਕਦੀ ਕੁਝ ਚਿਰ ਫਿਰੂਕੇ ਆ ਟਿਕਦੇ ਤਾਂ ਉਸੇ ਗੁਫਾ ਦੇ ਇਕਾਂਤ ਟਿਕਾਣੇ ਤੇ ਬੈਠ ਕੇ ਕੀਰਤਨ ਅਤੇ ਭਜਨ ਸਿਮਰਨ ਕਰਦੇ ਤੇ ਆਤਮਕ ਰਸ ਮਾਣਦੇ। ਕਾਸ਼ ਕਿ ਇਹ ਗੁਫਾ ਅਜ ਭਾਰਤ ਵਿੱਚ ਹੁੰਦੀ !

13. ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆ 'ਸਿੱਖ ਸੰਗੀਤਕਾਰ' ਸਿਰਲੇਖ ਹੇਠ ਇੱਕ ਥਾਂ ਲਿਖਦੇ ਹਨ, 'ਪਹਿਲੋਂ ਪਹਿਲ ਭਾਈ ਹੀਰਾ ਸਿੰਘ, ਭਾਗ ਸਿੰਘ ਜੀ ਨੂੰ ਜਦ ਮੈਂ ਸੁਣਿਆ ਤਾਂ ਉਹ ਬਾਗੜੀਏ ਹੀ ਆਏ ਸਨ ਤੇ ਮੈਂ ਘਰ ਹੀ ਸਕੂਲ ਦੀਆਂ ਜਮਾਤਾਂ ਦੀ ਪੜ੍ਹਾਈ ਕਰਦਾ ਸੀ। ਪਿਛੋਂ ਵੀ ਉਹਨਾਂ ਦਾ ਅਦਭੁੱਤ ਕੀਰਤਨ ਸੁਣਨ ਦਾ ਅਕਸਰ ਮੌਕਾ ਮਿਲਦਾ ਰਿਹਾ। ਸਾਖੀ ਪ੍ਰਮਾਣ ਦਾ ਕੀਰਤਨ ਅਸਲ ਵਿੱਚ ਬਹੁਤਾ ਉਨ੍ਹਾਂ ਨੇ ਪ੍ਰਚਲਤ ਕੀਤਾ ਸੀ, ਪਹਿਲਾਂ ਤਾਂ ਸ਼ਬਦ ਪ੍ਰਮਾਣ ਦਾ ਹੀ ਕੀਰਤਨ ਕਰ ਦਿੰਦੇ ਸਨ। ਜੋ ਸਾਖੀ ਸੁਨਾਉਣ ਦਾ ਰਸ ਭਾਈ ਹੀਰਾ ਸਿੰਘ ਜੀ ਦੀ ਰਸਨਾ ਵਿਚ ਸੀ। ਵੈਸਾ ਅਜ ਤੱਕ ਮੇਰੇ ਕੰਨੀ ਹੋਰ ਨਹੀਂ ਪਿਆ। ਉਹਨਾਂ ਦੇ ਪਿਤਾ ਭਾਈ ਭਾਗ ਸਿੰਘ ਜੀ ਤਾਊਸ ਬਜਾਉਂਦੇ ਸਨ ਅਤੇ ਨਾਲ ਗਾਉਂਦੇ-2 ਤਾਊਸ ਦੀ ਆਵਾਜ਼ ਨਾਲ ਹੀ ਆਪਣੀ ਆਵਾਜ਼ ਮਿਲਾ ਦਿੰਦੇ ਸਨ। ਭਾਈ ਹੀਰਾ ਸਿੰਘ ਜੀ ਨੂੰ ਛੇਤੀ ਹੀ ਅਕਾਲ ਪੁਰਖ ਵਲੋਂ ਸਦਾ ਆ ਗਿਆ। ਜਦ ਉਹ ਬੀਮਾਰ ਕਸ਼ਮੀਰ ਗਾਂਦਰਬਲ ਠਹਿਰੇ ਹੋਏ ਸਨ ਤਾਂ ਮੇਰੇ ਛੋਟੇ ਭਾਈ ਦੇ ਆਨੰਦ ਕਾਰਜ ਵੇਲੇ ਮੈਂ ਉਹਨਾਂ ਨੂੰ ਸ੍ਰੀ ਨਗਰ ਲੈਕੇ ਆਇਆ ਤੇ ਉਨ੍ਹਾਂ ਨੇ ਅਸ਼ੀਰਵਾਦ ਦਿੱਤੀ ਉਹ ਦਰਸ਼ਨ ਉਹਨਾਂ ਦੇ ਅਖੀਰੀ ਹੋਏ ਸਨ।"

14, ਭਾਈ ਹੀਰਾ ਸਿੰਘ ਜੀ ਦੀ ਪ੍ਰੇਮ ਭਿੰਨੀ ਵਿਆਖਿਆ ਸੁਣ ਕੇ ਲੋਕ ਖਾਣ ਪੀਣ ਭੁੱਲ ਜਾਂਦੇ ਸਨ, ਘਰ ਬਾਹਰ ਛੱਡ ਟੁਰਦੇ ਸਨ, ਸ਼ੇਰੇ ਪੰਜਾਬ ਦਿੱਲੀ 2 ਸਤੰਬਰ, 1951 ਦੇ ਪਰਚੇ ਵਿੱਚ ਸ. ਤ੍ਰਿਲੋਚਨ ਸਿੰਘ ਜੀ ਨੇ ਲਿਖਿਆ ਸੀ-''ਲਾਹੌਰ ਦੀ ਗੱਲ ਹੈ ਇੱਕ ਵਾਰੀ ਭਾਈ ਸਾਹਿਬ ਕੀਰਤਨ ਕਰ ਰਹੇ ਸਨ ਤੇ ਮਿਸਟਰ ਮੁਹੰਮਦ ਅਸ਼ਰਫ ਜੋ ਉਨ੍ਹੀਂ ਦਿਨੀਂ ਇੰਜੀਨੀਅਰ-ਇਨ-ਚੀਫ਼ ਦੇ ਦਫ਼ਤਰ ਦੇ ਸੁਪਰੰਡਟ ਸਨ, ਉਹ ਵੀ ਕੀਰਤਨ ਵਿੱਚ ਬੈਠੇ ਸਨ। ਭਾਈ ਸਾਹਿਬ 'ਨਾਮ ਸਿਮਰਨ' ਦੇ ਵਿਸ਼ੇ ਤੇ ਬੋਲ ਰਹੇ ਸਨ, ਅਸ਼ਰਫ ਸਾਹਿਬ ਪਰ ਇਤਨਾ ਪ੍ਰਭਾਵ ਪਿਆ ਕਿ ਉਹ ਘਰ ਬਾਰ ਤਿਆਗ ਕੇ ਕਿਸੇ ਇਕਾਂਤ ਥਾਂ 'ਤੇ ਚਲ ਗਏ ਤਾਂ ਜੋ ਸਿਮਰਨ ਕਰ ਸਕਣ। ਭਾਈ ਸਾਹਿਬ ਨੂੰ ਪਤਾ ਲੱਗਾ ਤਾਂ ਉਹ ਉਨ੍ਹਾਂ ਨੂੰ ਵਾਪਸ ਲੈ ਆਏ ਤੇ ਦੱਸਿਆ ਕਿ ਗੁਰਮਤਿ ਵਿੱਚ, ਗ੍ਰਿਹਸਤ ਵਿੱਚ ਰਹਿੰਦਿਆਂ ਹੀ ਨਾਮ ਸਿਮਰਨ ਸਭ ਤੋਂ ਉੱਤਮ ਮੰਨਿਆ ਗਿਆ ਹੈ। ਇਸ ਪਰ ਅਸ਼ਰਫ ਸਾਹਿਬ ਘਰ ਮੁੜੇ ਤੇ ਆਪਣੇ ਪ੍ਰਵਾਰ ਵਿੱਚ ਰਹਿੰਦਿਆਂ ਹੀ ਬਰਾਬਰ ਨਾਮ ਸਿਮਰਨ ਕਰਦੇ ਰਹੇ। ਉਸ ਤੋਂ ਬਾਅਦ ਅਸ਼ਰਫ ਸਾਹਿਬ ਜਦ ਵੀ ਮਿਲਦੇ, ਕਹਿੰਦੇ ਕਿ ਉਹ ਵਕਤ ਕਦੀ ਨਹੀਂ ਭੁਲਦਾ।''

15. ਪ੍ਰਸਿੱਧ ਵਿਦਵਾਨ ('ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਲੇਖਕ) ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੀ 'ਜੀਵਨ ਕਹਾਣੀ' ਵਿੱਚ ਲਿਖਿਆ ਹੈ, ਸਭ ਤੋਂ ਪਹਿਲਾਂ ਉਹ 16 ਸਤੰਬਰ 1915 ਥਰਡ ਮਾਸਟਰ ਦੇ ਤੌਰ ਤੇ ਭਾਈ ਹੀਰਾ ਸਿੰਘ ਜੀ ਰਾਗੀ ਦੇ ਉਦਮ ਨਾਲ ਖੋਹਲੇ ਗਏ ਖਾਲਸਾ ਹਾਈ ਸਕੂਲ ਫਿਰੂਕਾ ਜੋ ਭਾਈ ਸਾਹਿਬ ਨੇ ਆਪਣੇ ਨਗਰ ਫਿਰੂਕੇ ਵਿੱਚ 1908 ਵਿੱਚ ਖੋਲਿਆ ਸੀ ਤੇ ਜਿਸ ਦਾ 'ਨੀਂਹ ਪੱਥਰ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ' ਨੇ ਸੰਤ ਅਤਰ ਸਿੰਘ ਜੀ ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ, ਸੰਤ ਗੁਰਬਖਸ਼ ਸਿੰਘ ਜੀ ਪਟਿਆਲਾ ਦੇ ਨਾਲ ਹੋ ਕੇ ਰੱਖਿਆ ਸੀ, ਵਿੱਚ ਨਿਯੁਕਤ ਹੋਏ ਸਨ। ਉਹ ਇਸ ਸਕੂਲ ਤੋਂ ਪਹਿਲਾਂ ਲਾਹੌਰ ਕਾਲਜ ਦੇ ਦਿਨਾਂ ਵਿੱਚ ਪੜ੍ਹਾਈ ਦਾ ਹਰਜ ਕਰਕੇ ਵੀ ਭਾਈ ਸਾਹਿਬ ਦੇ ਕੀਰਤਨ ਵਿੱਚ ਪੁੱਜਦੇ ਰਹੇ। ਉਹ ਭਾਈ ਸਾਹਿਬ ਦੀ ਵਿਆਖਿਆ ਸ਼ਕਤੀ ਦਾ ਕਮਾਲ ਇਸ ਤਰ੍ਹਾਂ ਬਿਆਨ ਕਰਦੇ ਹਨ।

''ਮੈਨੂੰ ਪਹਿਲਾਂ ਪਹਿਲ ਭਾਈ ਹੀਰਾ ਸਿੰਘ ਜੀ ਤੋਂ ਕੀਰਤਨ ਸੁਣਨ ਦਾ ਮੌਕਾ ਲਾਹੌਰ ਮਿਲਿਆ ਸੀ। ਜਦੋਂ ਉਹ ਸਾਖੀ ਸੁਣਾਉਂਦੇ ਸਨ ਤਦੋਂ ਤਾਂ ਕਮਾਲ ਹੋ ਜਾਂਦਾ ਸੀ ਹਰ ਪਾਸੇ ਰਾਗ- ਜਲ ਦੇ ਹੜ੍ਹ ਚੱਲ ਪੈਂਦੇ ਸਨ ਕੋਈ ਕੋਰੇ ਤੋਂ ਕੋਰਾ ਬੰਦਾ ਵੀ ਉਸ ਵਿੱਚ ਰੁੜ੍ਹਨੋਂ ਰਹਿ ਨਹੀਂ ਸੀ ਸਕਦਾ, ਕਾਲਜ ਦੀ ਪੜ੍ਹਾਈ ਹਰਜ ਕਰਕੇ ਭੀ ਮੈਂ ਤਿੰਨ ਹਫਤੇ ਦੋਵੇਂ ਵੇਲੇ ਉਨ੍ਹਾਂ ਦੇ ਦੀਵਾਨ ਵਿੱਚ ਹਾਜ਼ਰ ਹੁੰਦਾ ਰਿਹਾ।''

''ਪਰ ਮੈਂ ਉਹਨਾਂ ਦਾ ਵੱਧੀਆ ਚਮਤਕਾਰ ਵੇਖਿਆ, ਸਾਹੀਵਾਲ ਦੇ ਦੀਵਾਨ ਵਿੱਚ। ਸਵੇਰੇ ਭਾਈ ਹੀਰਾ ਸਿੰਘ, ਭਾਗ ਸਿੰਘ ਜੀ, ਦੀਵਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਮੇਰੇ ਗੁਆਂਢ ਅੱਧਖੜ ਉਮਰ ਦੇ ਦੋ ਸਿੱਖ ਬੈਠੇ ਹੋਏ ਸਨ। ਉਹ ਦੋਵੇਂ ਨਾਲੇ ਤਾਂ ਭਾਈ ਹੀਰਾ ਸਿੰਘ ਦੀ ਨਿੰਦਾ ਕਰੀ ਜਾਣ, ਨਾਲੇ ਉਹਨਾਂ ਨੂੰ ਬੜੀਆਂ ਖਰ੍ਹਵੀਆਂ ਗਾਲ੍ਹਾਂ ਕੱਢੀ ਜਾਣ।

ਮੈਂ ਬੜਾ ਹੈਰਾਨ ਹੋਵਾਂ ਕਿ ਇਹਨਾਂ ਦੇ ਅੰਦਰ ਭਾਈ ਸਾਹਿਬ ਵਾਸਤੇ ਇਤਨੀ ਹੀ ਨਫਰਤ ਹੈ, ਤਾਂ ਇੱਥੇ ਬੈਠ ਕੇ ਆਪਣਾ ਵਕਤ ਕਿਉਂ ਜ਼ਾਇਆ ਕਰ ਰਹੇ ਹਨ । ਇਤਨੇ ਨੂੰ ਵਕਤ ਆ ਗਿਆ ਜਦੋਂ ਭਾਈ ਸਾਹਿਬ ਜੀ ਨੇ ਕੋਈ ਸਾਖੀ ਸੁਣਾਉਣੀ ਸੀ । ਸਾਖੀ ਸੁਣਾਉਣ ਤੋਂ ਪਹਿਲਾਂ ਕੁਝ ਇਉਂ ਜਿਹੇ ਕਹਿਣ ਲਗੇ "ਸਾਧ ਸੰਗਤ ਜੀ ! ਲੋਕ ਮੈਨੂੰ ਗਦ-ਕਪ, ਜੇਬ ਕੁਤਰਾ ਆਖਦੇ ਹਨ । ਤੁਸਾਂ ਹੁਣ ਧਿਆਨ ਨਾਲ ਆਪਣੀਆਂ ਜੇਬਾਂ ਦੀ ਸੰਭਾਲ ਕਰਨੀ । ਫੇਰ ਉਹਨਾਂ ਸਾਖੀ ਸੁਣਾਉਣੀ ਸ਼ੁਰੂ ਕੀਤੀ। ਮੇਰੇ ਪਾਸ ਬੈਠੇ ਦੋਵੇਂ ਨਿੰਦਕ ਨਾਲੇ ਰੋਣ ਤੇ ਨਾਲੇ ਵਾਰੋ ਵਾਰੀ ਉੱਠ ਕੇ ਭਾਈ ਹੀਰਾ ਸਿੰਘ ਜੀ ਨੂੰ ਮਥੇ ਟੇਕਣ ਤੇ ਰੁਪਏ ਭੇਟ ਕਰਨ । ਤਿੰਨ ਵਾਰੀ ਇਸ ਤਰ੍ਹਾਂ ਜਾਂਦੇ ਮੈਂ ਵੇਖੇ ਤੇ ਮੈਂ ਆਪ ਮੁਹਾਰੇ ਆਖਿਆ ! ਵਾਹ

"ਕਸਬੇ ਕਮਾਲ ਕੁਨ ਕਿ ਅਜ਼ੀਜ਼ੇ ਜਹਾਂ ਸਵੀ"

16. ਸ: ਹਾਕਮ ਸਿੰਘ (ਓਵਰਸੀਅਰ) ਨਵੀ ਬਸਤੀ, ਸੰਗਰੂਰ ਅਜਿਹਾ ਵਾਕਿਆ ਹੋਰ ਪੇਸ਼ ਕਰਦੇ ਹਨ ।

ਸੰਗਰੂਰ ਪਾਸ ਅਕੋਈ ਸਾਹਿਬ ਪਿੰਡ ਹੈ, ਛੇਵੀਂ ਪਾਤਸ਼ਾਹੀ ਦਾ ਗਰਦੁਆਰਾ ਵੀ । ਇਸ ਪਿੰਡ ਵਿੱਚ ਜੰਗ ਸਿੰਘ ਹੋਰਾਂ ਇੱਕ ਵਾਰੀ ਭਾਈ ਹੀਰਾ ਸਿੰਘ ਜੀ ਨੂੰ ਬੁਲਾਇਆ । ਆਪ ਨੇ ਏਥੇ ਕੀਰਤਨ ਕੀਤਾ । ਪ੍ਰਸੰਗ ਬਿਖਿਆ (ਤੰਬਾਕੂ) ਦੇ ਖੰਡਨ ਦਾ ਵਿਸ਼ਾ ਲਿਆ । ਇਕ ਜਾਂਗਲੀ ਬਾਂਗਰੂ ਆਦਮੀ, ਜੋ ਸ: ਜੰਗ ਸਿੰਘ ਹੋਰਾਂ ਦਾ ਨੌਕਰ ਸੀ । ਉਹ ਵੀ ਦੀਵਾਨ ਵਿਚ ਹਾਜ਼ਰ ਸੀ। ਭਾਈ ਸਾਹਿਬ ਦੀ ਕਥਨੀ ਦਾ ਉਸ ਉਪਰ ਐਸਾ ਅਸਰ ਹੋਇਆ ਕਿ ਉਸ ਨੇ ਆਪਣੇ ਮਨ ਵਿਚ ਉਸੇ ਵੇਲੇ ਪੱਕਾ ਪ੍ਰਣ ਕਰ ਲਿਆ ਕਿ ਅਜ ਤੋਂ ਤੰਬਾਕੂ ਬਿਲਕੁਲ ਨਹੀਂ ਪੀਣਾ ਘਰ ਆ ਕੇ ਕਿਸੇ ਨੇ ਉਸ ਨੂੰ ਆਖਿਆ ਕਿ ਤੰਬਾਕੂ ਪੀਣ ਵਾਲਾ ਸੰਦ (ਹੁੱਕਾ) ਤਾਂ ਬਾਹਰ ਸੁਟ ਦੇਹ । ਉਸ ਨੇ ਉਤਰ ਦਿਤਾ ਕਿ ਹੁਣ ਇਸ ਨੂੰ ਵੀ ਹਥ ਨਹੀਂ ਲਾਉਣਾ । ਫਿਰ ਉਸ ਨੇ ਸਾਰੀ ਉਮਰ ਤੰਬਾਕੂ ਨਹੀਂ ਪੀਤਾ । ਕੁਝ ਦਿਰ ਪਿਛੋਂ ਫੇਰ ਉਹ ਸਿੰਘ ਸੱਜ ਗਿਆ ।"

17. ਭਾਈ ਹੀਰਾ ਸਿੰਘ ਜੀ ਨੂੰ ਜਿਨ੍ਹਾਂ ਨੇ ਵੀ ਸੁਣਿਆ, ਸਭਨਾਂ ਨੇ ਇਸ ਦੀ ਸਾਖੀ ਭਰੀ ਹੈ ਕਿ ਉਹ ਦੀਵਾਨਾਂ ਵਿਚ ਆਪਣੇ ਬਚਨਾਂ ਦਾ ਜਾਦੂ ਧੂੜ ਕੇ ਕੁਝ ਤੋਂ ਕੁਝ ਕਰ ਵਿਖਾਂਦੇ ਸਨ। ਸਭ ਤੋਂ ਵਡੀ ਸਾਖ ਉਨ੍ਹਾਂ ਦੇ ਅਤਿ ਨਿਕਟ ਵਰਤੀ ਸਜਣਾਂ ਵਿਚੋਂ ਭਾਈ ਸਾਹਿਬ ਭਾਈ ਵੀਰ ਜੀ ਸਨ । ਭਾਈ ਵੀਰ ਸਿੰਘ ਜੀ ਨੇ ਉਨ੍ਹਾਂ ਦੀ ਚਮਤਕਾਰੀ ਕਥਨੀ ਦੀ ਗਵਾਹੀ ਇਕ ਲੇਖ ਵਿਚ ਇਸ ਤਰ੍ਹਾਂ ਦਿਤੀ ਹੈ ।

ਅਧ ਚੇਤਰ ਬੀਤ ਚੁਕਾ ਹੈ, ਗਰਮੀ ਨੇ ਸਰਦੀ ਦਾ ਖਰਵਾ-ਪਨ ਦੂਰ ਕਰਕੇ ਗੁਲਾਬੀ ਰੁਤ ਬਣਾ ਦਿਤੀ ਹੈ । ਸੁਕੇ ਸੜੇ ਬ੍ਰਿਛਾਂ ਵਿਚ ਵੀ ਬਸੰਤ ਨੇ ਨਵੇਂ ਜੀਵਨ ਦੀ ਰੂਹ ਫੂਕ ਦਿਤੀ ਹੈ । ਸ਼ਗੂਫੇ ਖਿੜ ਰਹੇ ਹਨ, ਹਰਿਆਵਲ ਲਹਿ ਲਹਾ ਰਹੀ ਹੈ, ਫੁਲ ਮਹਿਕ ਰਹੇ ਹਨ, ਨੀਲੇ ਆਕਾਸ਼ ਵਿਚ ਤਾਰਿਆਂ ਦੀ ਛਟਕ ਨੇ ਕੁਦਰਤ ਦੀ ਸ਼ੋਭਾ ਨੂੰ ਦੂਣਾ ਕਰ ਰਖਿਆ ਹੈ । ਲਾਹੌਰ ਸ਼ਹਿਰ ਤੋਂ ਬਾਹਰ ਵਾਰ ਸ਼ਾਂਤ ਤੇ ਇਕਾਂਤ ਅਸਥਾਨ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ । ਨਾਲ ਦੇ ਤਖਤ ਪੋਸ਼ ਤੇ ਭਾਈ ਭਾਗ ਸਿੰਘ ਜੀ ਸਾਰੰਦੇ ਤੇ ਗਜ਼ ਫੇਰ ਰਹੇ ਹਨ, ਜੋੜੀ ਮੱਧਮ

ਰੰਗ ਵਿਚ ਵੱਜ ਰਹੀ ਹੈ, ਭਾਈ ਹੀਰਾ ਸਿੰਘ ਜੀ ਦੇ ਨੈਣ ਰਸੀਲੇ, ਪੁਰ ਜਲਾਲ ਚੇਹਰੇ ਤੇ ਮੱਥੇ ਤੋਂ ਖਾਸ ਤਰ੍ਹਾਂ ਦਾ ਨੂਰ ਦੀਪਤ ਹੋ ਰਿਹਾ ਹੈ, ਆਨੰਦ ਤੇ ਰਸ ਵਿਚ ਆਏ ਝੂਮਦੇ ਝਾਮਦੇ ਗੁਰਬਾਣੀ ਦੇ ਅਣਿਆਲੇ ਤੀਰਾਂ ਨਾਲ 35000 ਦੇ ਕਰੀਬ ਮਨੁਖਾਂ ਨੂੰ ਦੂਵੀ ਬੁਤ ਬਣਾ ਦਿਤਾ, ਇਕ ਰੰਗ ਵਿਚ ਰਗ, ਕਦੀ

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

ਦੇ ਮਹਾਂ ਵਾਕ ਸੁਣਾ ਸਰੋਤਿਆਂ ਨੂੰ ਵਿਸਮ ਦੀ ਹਾਲਤ ਵਿਚ ਕਦੀ ਗੁਰ ਇਤਿਹਾਸ ਦੇ ਵਿਚੋਂ ਕੋਈ ਪ੍ਰਸੰਗ ਸੁਣਾ, ਬ੍ਰਹਮ ਗਯਾਨ ਦੇ ਭੰਡਾਰ ਖੋਹਲ ਆਤਮ ਮੰਡਲ ਦੇ ਹੁਲਾਰਿਆਂ ਵਿਚ ਤੇ ਕਦੀ ਗੁਰੂ ਸਿਖਾਂ ਤੇ ਗੁਰਮੁਖਾਂ ਦੇ ਕਾਰਨਾਮੇ ਸੁਣਾ ਹਿਰਦੇ ਦੇ ਕੰਵਲ ਗਦ ਗਦ ਕਰ ਰਹੇ ਸਨ ।

ਨੌ ਬਜੇ ਦੇ ਕਰੀਬ ਕੀਰਤਨ ਸਮਾਪਤ ਹੋਇਆ । ਸਗਤਾਂ ਉਠ ਉਠ ਕੇ ਪ੍ਰਸ਼ਾਦ ਛਕਣ ਲਈ ਲੰਗਰ ਵਲ ਚਲੀਆਂ, ਲਾਲਾ ਹੰਸ ਰਾਜ ਸਾਹਿਬ ਪ੍ਰਿੰਸੀਪਲ ਡੀ. ਏ. ਵੀ. ਕਾਲਜ ਲਾਹੌਰ ਜਿਨ੍ਹਾਂ ਦੀ ਕੁਰਬਾਨੀ, ਵਿਦਵਤਾ ਤੇ ਆਰਯ ਸਮਾਜ ਦੀ ਸੇਵਾ ਸੰਬੰਧੀ ਸਾਰੇ ਮਹਿਮਾ ਕਰਨ ਵਿਚ ਪੰਜਾਬੀ ਹਿੰਦੂ ਤੇ ਆਰਯ ਸਮਾਜੀ ਇਕ ਜ਼ਬਾਨ ਸਨ, ਸੰਗਤ ਵਿਚੋਂ ਉਠ ਕੇ ਘਰ ਵਲ ਤੁਰ ਪਏ ।" ਆਪ ਤੋਂ ਆਪ ਦੇ ਇਕ ਸਾਥੀ ਨੇ ਜਦ ਕੀਰਤਨ ਬਾਬਤ ਰਾਏ ਪੁਛੀ ਤਦ ਆਪ ਨੇ ਕਿਹਾ : ਚਾਰ ਘੰਟੇ ਅੰਮ੍ਰਿਤ ਦੀ ਵਰਖਾ ਹੁੰਦੀ ਰਹੀ ਹੈ ਜਿਸ ਤੋਂ ਮੈਂ ਤ੍ਰਿਪਤ ਹੋ ਕੇ ਚੱਲਿਆ ਹਾਂ ।

18. ਇਕ ਹੋਰ ਮਿਸਾਲ ਭਾਈ ਵੀਰ ਸਿੰਘ ਜੀ ਨੇ ਹੀ ਪਿੰਡੀ ਘੇਬ ਦੇ ਸਕੂਲ ਦੀ ਦਿਤੀ ਹੈ ਜੋ ਖੁਲ੍ਹਣ ਸਮੇਂ ਤੋਂ ਮਾਇਕ ਔਕੜਾਂ ਤੋਂ ਇਲਾਵਾ, ਅਨਯ-ਮਤੀਆਂ ਦੇ ਦਵੈਖ ਦਾ ਨਿਸ਼ਾਨਾ ਬਣ ਗਿਆ । ਮਿਡਲ ਕਲਾਸਾਂ ਦੀ ਸਰਕਾਰੀ ਗਰਾਂਟ ਬੰਦ ਹੋ ਗਈ । ਹੇਠਲੀਆਂ ਕਲਾਸਾਂ ਔਖ ਸੌਖ ਨਾਲ ਚਲ ਰਹੀਆਂ ਸਨ । ਇਕ ਵਕੀਲ ਜੋ ਡੀ. ਏ. ਵੀ. ਕਾਲਜ ਦੇ ਗਰੈਜੂਏਟ ਸਨ, ਨੇ ਆਰੀਆ ਸਮਾਜ ਸਕੂਲ ਖੋਲ੍ਹਣ ਦੀ ਤਿਆਰੀ ਕੀਤੀ ਤੇ ਖਾਲਸਾ ਸਕੂਲ ਦੀ ਰਲ ਕੇ ਵਿਰੋਧਤਾ ਕੀਤੀ ।

ਇਤਫਾਕ ਨਾਲ ਸਕੂਲ ਦੇ ਪ੍ਰਬੰਧਕਾਂ ਦਾ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਨਾਲ ਰਾਵਲਪਿੰਡੀ ਮੇਲ ਹੋ ਗਿਆ । ਦਰਸ਼ਨਾਂ ਦੀ ਜਾਚਨਾ ਕੀਤੀ । ਆਪ ਨੇ ਸਕੂਲ ਦੀ ਵਿਥਿਆ ਸੁਣ ਠੰਡਾ ਸਾਹ ਭਰਿਆ, ਤੇ ਪਿੰਡੀ ਘੇਬ ਪੁਜੇ । "ਐਤਵਾਰ ਦਾ ਦਿਨ ਸੀ । ਸ਼ਹਿਰ ਦੇ ਹਿੰਦੂ ਆਰੀਆ ਵਕੀਲਾਂ ਤੇ ਮੁਸਲਮਾਨ ਅਫਸਰਾਂ ਨੂੰ ਖਾਸ ਤੌਰ ਤੇ ਨਿਮੰਤ੍ਰਨ ਦਿਤਾ ਗਿਆ ਸੀ, ਜੋ ਠੀਕ ਸਮੇਂ ਸਿਰ ਆ ਗਏ । ਉਹ ਵਕੀਲ ਜੀ ਵੀ ਆਏ । ਆਪ ਜੀ ਨੂੰ ਭਾਈ ਸਾਹਿਬ ਦੇ ਸਾਹਮਣੇ ਬਿਠਾ ਦਿਤਾ ਗਿਆ । ਕੀਰਤਨ ਸ਼ੁਰੂ ਹੋ ਗਿਆ । ਇੱਕ ਉੱਚ ਅਰਸ਼ੀ ਬਾਣੀ, ਫਿਰ ਉਹਦਾ ਰਾਗ ਵਿਚ ਗਾਇਨ, ਫਿਰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਵਰਗੇ ਕਥਨੀ ਦੇ ਸੂਰੇ ਨਾਮ ਦੇ ਰਸੀਏ, ਅਦੁਤੀ ਵਿਦਵਾਨ, ਅਤੇ ਇਕ ਜਾਦੂ ਬਿਆਨੀ ਵਿਆਖਿਆਕਾਰ ਦੀ ਜ਼ਬਾਨੀ ਵਿਆਖਿਆ, ਉਹ ਰੰਗ ਜੰਮਿਆ ਕਿ ਉਕਤ ਵਕੀਲ ਸਾਹਿਬ ਬਿਹਬਲ ਹੋ ਗਏ । ਉਨ੍ਹਾਂ ਤੇ ਕਰੁਣਾ ਰਸ ਛਾ

ਗਿਆ ਤੇ ਅੱਖਾਂ ਵਿੱਚੋਂ ਬੇਵਸੇ ਹੰਝੂ ਡਿਗਣ ਲਗੇ । ਘੜੀ ਘੜੀ ਪਤਲੂਣ ਦੀ ਜੇਬ ਵਿੱਚੋਂ ਰੁਮਾਲ ਕਢ ਕੇ ਅੱਖਾਂ ਪੂੰਝਦੇ ਤੇ ਬੈਠਣ ਦੇ ਆਸਣ ਬਦਲਦੇ ਰਹੇ । ਦੀਵਾਨ ਖਤਮ ਹੋਇਆ । ਵਕੀਲ ਸਾਹਿਬ ਘਰ ਆ ਪੁਜੇ । ਥੋੜੀ ਦੇਰ ਮਗਰੋਂ ਉਨ੍ਹਾਂ ਦਾ ਗਵਾਂਢੀ ਇੱਕ ਸਹਿਜਧਾਰੀ ਸਿਖ ਵੀ ਆ ਮਿਲਿਆ । ਗਲ ਛੇੜ ਕੇ ਪੁਛਿਆ ਕਿ ਸੁਣਾਓ ਕੀਰਤਨ ਸੁਣ ਕੇ ਕੀ ਖਿਆਲ ਆਇਆ ? ਵਕੀਲ ਜੀ ਨੇ ਸਹਿਜਧਾਰੀ ਵਲ ਵੇਖ ਕੇ ਕਿਹਾ, ਜੋ ਰਸ ਤੇ ਸਵਾਦ ਅਜ ਆਇਆ ਹੈ ਆਯੂ ਭਰ ਵਿਚ ਇਹ ਰੰਗ ਕਦੇ ਨਹੀਂ ਡਿਠਾ ਸੀ । ਕਾਸ਼ ! ਕੀਰਤਨ ਦਾ ਸਮਾਂ ਅੱਜ ਦੇ ਦਿਨ ਖਤਮ ਨਾ ਹੁੰਦਾ ।"

ਭਾਈ ਸਾਹਿਬ ਨੇ ਦੋ ਦਿਨ ਹੋਰ ਕੀਰਤਨ ਕੀਤਾ ਤੇ ਇਹ ਵਕੀਲ ਜੀ ਦੋਨੋਂ ਦਿਨ ਸੁਣਨ ਜਾਂਦੇ ਰਹੇ । ਸਿੱਟਾ ਇਹ ਹੋਇਆ ਕਿ ਆਰੀਆ ਸਕੂਲ ਖੋਲ੍ਹਣ ਦਾ ਸੁਆਲ ਉੱਕਾ ਹੀ ਹਟ ਗਿਆ । ਸ਼ਹਿਰ ਦੀ ਵਿਰੋਧਤਾ ਕਾਫੀ ਚਿਰ ਲਈ ਦਬ ਗਈ ਤੇ ਇਹ ਵਕੀਲ ਸਾਹਿਬ ਸਕੂਲ ਨੂੰ ਯਥਾ ਯੋਗ ਸਹਾਇਤਾ ਦੇਂਦੇ ਰਹੇ । ਭਾਈ ਹੀਰਾ ਸਿੰਘ ਜੀ ਦੇ ਚਲਾਣੇ ਪਰ 'ਖਾਲਸਾ ਸਮਾਚਾਰ' ਮਿਤੀ 9 ਸਤੰਬਰ 1926 ਦੇ ਮੁਖ ਲੇਖ ਦੇ ਇਹ ਸ਼ਬਦ ਵਰਨਣ ਯੋਗ ਹਨ, "ਇਸ ਗਲ ਵਿਚ ਰਤੀ ਜਿੰਨੇ ਵੀ ਸ਼ਕ ਦੀ ਗੁੰਜਾਇਸ਼ ਨਹੀਂ ਕਿ ਪਿਛਲੇ ਪੰਝੀ ਸਾਲਾਂ ਵਿਚ ਆਪਣੀਆਂ ਤਕਰੀਰਾਂ ਨਾਲ ਜਿੰਨੀਆਂ ਰੂਹਾਂ ਨੂੰ ਨਾਸਤਕਤਾ, ਅਸ਼ਰਧਕਤਾ ਤੇ ਵਿਸ਼ੇ ਵਿਕਾਰਾਂ ਦੇ ਗੜ ਵਿਚੋਂ ਕਢ ਕੇ ਸੁਧ ਤੇ ਪਵਿੱਤਰ ਬਣਾ, ਗੁਰ ਗੱਦੀ ਵਿੱਚ ਇਸ ਇਕੱਲੇ ਜਰਨੈਲ ਨੇ ਬਿਠਾਇਆ, ਉੱਨਾ ਕੰਮ ਇਸ ਸਮੇਂ ਵਿੱਚ ਕਿਸੇ ਇਕ ਆਦਮੀ ਨੇ ਨਹੀਂ ਕੀਤਾ । ਇਸ ਲੇਖ ਵਿਚ ਹੋਰ ਲਿਖਿਆ ਹੈ, "ਭਾਈ ਹੀਰਾ ਸਿੰਘ ਜੀ ਰਾਗੀ, ਉਨ੍ਹਾਂ ਖਾਸ ਆਦਮੀਆਂ ਵਿਚੋਂ ਸਨ, ਜੋ ਹਮੇਸ਼ਾ ਉਤਪੰਨ ਨਹੀਂ ਹੁੰਦੇ । ਬਲਕਿ ਮੁਲਕੀ ਤੇ ਕੌਮੀ ਖਾਸ ਜ਼ਰੂਰਤਾਂ ਹੀ ਉਨ੍ਹਾਂ ਨੂੰ ਉਤਪੰਨ ਕਰਦੀਆਂ ਹਨ ।" ਸ੍ਰੀ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ ਨੇ ਭਾਈ ਹੀਰਾ ਸਿੰਘ ਜੀ ਦੇ ਗੁਰਪੁਰੀ ਸਿਧਾਰਨ ਉਪਰੰਤ ਭੋਗ ਅਵਸਰ ਪਰ ਆਪਣੇ ਸ਼ਰਧਾ ਦੇ ਫੁਲ ਭੇਟ ਕਰਦੇ ਹੋਏ ਫੁਰਮਾਇਆ ਸੀ :

"ਭਾਈ ਹੀਰਾ ਸਿੰਘ ਰੇਸ਼ਮ ਦਾ ਕੀੜਾ ਸੀ ਜੋ ਰੇਸ਼ਮ ਕਢਦਾ ਕਢਦਾ ਆਪ ਬਸ ਹੋ ਗਿਆ ।"

ਭਾਈ ਹੀਰਾ ਸਿੰਘ ਜੀ ਕਹਿਣੀ, ਸਹਿਣੀ ਤੇ ਰਹਿਣੀ ਦੇ ਪੂਰੇ ਸਨ, ਉਨ੍ਹਾਂ ਦਾ ਜੀਵਨ ਇੱਕ ਅਮਲੀ ਜੀਵਨ ਸੀ । ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇੱਕ ਥਾਂ ਲਿਖਦੇ ਹਨ, ਆਪ ਦੇ ਅੰਦਰ ਇਹ ਅਭਿਲਾਸ਼ਾ ਸੀ ਕਿ ਮੈਂ ਜੋ ਕੀਰਤਨ ਕਰਦਾ ਹਾਂ ਜੋ ਮੈਨੂੰ ਬਾਣੀ ਕਹਿੰਦੀ ਹੈ ਤੇ ਮੈਂ ਸੰਗਤਾਂ ਨੂੰ ਸੁਣਾਉਂਦਾ ਹਾਂ, ਉਹ ਮੇਰਾ ਅਮਲੀ ਜੀਵਨ ਹੋਵੇ . . . . ਉਹ ਅਕਸਰ ਰਾਤ ਦੇ ਇੱਕ ਦੋ ਵਜੇ ਉੱਠ ਕੇ ਆਪਣੇ ਗੁਰੂ ਪ੍ਰਮੇਸ਼ਰ ਅਗੇ ਅਰਦਾਸ ਕਰਦੇ ਸਨ, ਆਪਣੇ ਜੀਵਨ ਨੂੰ ਕਥਨੀ ਅਨੁਸਾਰ ਕਰਨ ਲਈ ।

★

It is said that he used to wake up an hour or two past midnight to meditate upon Naam, seeking to live the holy word and to translate it into his own life. In such prayerful frame of mind, he would sing to himself or rather to his Satguru and more often than not, go into a samadhi, receiving Divine benediction—which is the attribute of Amrit Vela.

The gift of melody made him equally generous with money, contributing liberally to every educational institution, every orphanage or ashram he came across a generosity which would be the envy of any business tycoon coming as it did from far from wealthy, itinerant singer of Gurbani. He became a living legend, a Gurmukh-God oriented soul-who harmonized the life's cease-less struggle with Gurbani's sweet cadences and its eternal varities which have been beyond ordinary mortals' comprehension. Tansen is reputed to have exercised powers that melted stones. Bhai Hira Singh's lyrical Kirtan miraculously moulded the minds and character of vast multitudes of men and women by simply making them turn to God and goodness. He stressed that Gurbani music was not an end in itself but the means to a deeper understanding of the life's purpose. He encouraged closer study of the Holy word and, time and again, paused in his Kirtan to discuss and explain the meaning & context of the shabad.

It was God's will that this extraordinary musician of Gurus' verses passed away in the prime of life and at the height of his career much like a meteor which had shone across Sikhism's firmament for less than a quarter of a century.

The Gurbani Music Academy Calcutta is dedicated to the illustrious memory of Bhai Hira Singh and endeavours to build on his legacy of love and devotion to carry Guru's melodious message to the people.

---


ਹਫਤਾਵਾਰੀ ਕੀਰਤਨ ਸਤਿਸੰਗ ਚੰਡੀਗੜ੍ਹ

ਸਮਾਂ 5-30 p.m. to 7-30 p.m.

3-9-89 ਸਰਦਾਰਨੀ ਲਖਮੀਰ ਸਿੰਘ ਜੀ 144/18-A
10-9-89 Dr K. K. Devit 73/3-A
17-9-89 ਸ੍ਰ. ਉਮਰਾਓ ਸਿੰਘ ਰੰਗ 42/28-A
30-9-89 ਸ੍ਰ. ਦਰਸ਼ਨ ਸਿੰਘ ਜੀ 48/18-A

ਪੁਛਗਿੱਛ Phone : 32055 ਜਾਂ ਸ੍ਰ. ਹਰਮੋਹਨ ਸਿੰਘ 52/2-A

ਰਾਗ, ਰੰਗ, ਰਸ ਤੇ ਵੈਰਾਗ ਦੇ ਪੁੰਜ

# ਭਾਈ ਹੀਰਾ ਸਿੰਘ ਜੀ

**ਪ੍ਰਿੰਸੀਪਲ ਸਤਿਬੀਰ ਸਿੰਘ**

ਗੁਰੂ ਹਰਿਗੋਬਿੰਦ ਸਾਹਿਬ ਪਾਸ ਇਕ ਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਭਾਈ ਨਿਵਲ ਨਿਹਾਲਾ ਬੋਲ ਕੇ ਜੋ ਦੱਸਦੇ ਹਨ ਉਹ ਸਿੱਧਾ ਹਿਰਦਾ ਵਿੰਨ੍ਹਦਾ ਟੁਰੀ ਜਾਂਦਾ ਹੈ ਪਰ ਅਜਿਹਾ ਹੋਰਨਾਂ ਦੇ ਕਥਨ ਨਾਲ ਨਹੀਂ ਹੁੰਦਾ, ਕਾਰਨ ਕੀ ਹੈ ? ਤਾਂ ਛੇਵੇਂ ਪਾਤਸ਼ਾਹ ਨੇ ਫਰਮਾਯਾ 'ਨਿਵਲ ਨਿਹਾਲਾ ਜੀ ਹੀਰੇ ਨਿਆਈਂ ਹਨ ਅਤੇ ਬਾਕੀ ਕੱਚ ਵਾਂਗ ਹਨ । ਹੀਰਾ ਰੰਗਤ ਦੇਂਦਾ ਹੈ, ਲੈਂਦਾ ਨਹੀਂ । ਕੱਚ ਜਿੱਥੇ ਜਾਏ ਉਹੋ ਜਿਹਾ ਰੰਗ ਅਪਣਾ ਲੈਂਦਾ ਹੈ । ਫਿਰ ਹੀਰੇ ਨੂੰ ਟਕਰਾ ਦਿਓ ਕਿਸੇ ਪੱਥਰ ਨਾਲ ਉਹ ਟੁੱਟੇਗਾ ਨਹੀਂ ਪਰ ਜੇ ਕੱਚ ਹੱਥੋਂ ਵੀ ਛੁਟਕ ਜਾਏ ਤਾਂ ਚੂਰ-ਚੂਰ ਹੋ ਜਾਏਗਾ । ਨਾਲ ਹੀ ਭਾਈ ਨਿਹਾਲਾ ਜੀ ਵਿਚ ਚੌਦਾਂ ਗੁਣ ਹਨ, ਰਸੀਲੀ ਤੇ ਸੁਰੀਲੀ ਆਵਾਜ਼ ਹੈ, ਪ੍ਰਸੰਗ ਰੁਚੀ ਤੇ ਰਸ ਨਾਲ ਸੁਣਾਂਦੇ ਹਨ, ਸਰੋਤਿਆ ਦੀ ਬਿਰਤੀ ਠਹਿਰਾ ਦੇਂਦੇ ਹਨ, ਅਲੰਕਾਰ ਅਜਿਹਾ ਬੰਨ੍ਹਦੇ ਹਨ ਕਿ ਸੱਚ ਪ੍ਰਤੱਖ ਮੂਰਤੀਮਾਨ ਹੋ ਜਾਂਦਾ ਹੈ, ਸੱਚੀ ਗੱਲ ਉਹ ਨਿਰਣੇ ਤੇ ਨਿਰਭੈ ਹੋ ਆਖਦੇ ਹਨ, ਆਚਰਣ ਦੀ ਮੂਰਤ ਹਨ, ਸ਼ਬਦ ਸਿਧਾਂਤ ਜਾਣਦੇ ਹਨ, ਨਿਰਲੱਭੀ ਹਨ, ਸੰਤੋਖੀ ਹਨ, ਉਦਾਰ ਹਨ, ਦ੍ਰਿਸ਼ਟਾਂਤ ਸ਼ਬਦ ਦੇ ਆਸ਼ੇ ਅਨੁਸਾਰ ਦੇਂਦੇ ਹਨ, ਸੰਸੇ ਨਵਿਰਤ ਕਰ ਦੇ ਦੇ ਹਨ, ਜਿਉਂ ਜਿਉਂ ਸਰੋਤੇ ਸੁਣਦੇ ਹਨ, ਪ੍ਰੀਤ ਦਾ ਰੰਗ ਚੜ੍ਹਦਾ ਹੈ । ਸਾਰੇ ਮਜ਼ਬਾਂ ਦੇ ਗਿਆਤਾ ਹਨ, ਸਹਜ ਵਿਚ, ਸਰਲ, ਮਨ ਨੀਵਾਂ ਕਰਕੇ ਬੋਲਦੇ ਹਨ ਅਤੇ ਸਭ ਤੋਂ ਵੱਡੀ ਗੱਲ ਜੋ ਕਹੇ ਸੋ ਕਮਾਂਦੇ ਹਨ ।'

ਕਿਹਾ ਮੀਰੀ ਪੀਰੀ ਦੇ ਮਾਲਕ ਨੇ ਭਾਈ ਨਿਵਲ ਨਿਹਾਲਾ ਪ੍ਰਤੀ ਸੀ ਪਰ ਇਸ ਸਦੀ ਵਿਚ ਜਿਨ੍ਹਾਂ ਭਾਈ ਹੀਰਾ ਸਿੰਘ ਜੀ ਨੂੰ ਸੁਣਿਆ ਅਤੇ ਦੇਖਿਆ, ਉਹ ਗਵਾਹੀਆਂ ਭਰਦੇ ਹਨ ਕਿ ਇਹ ਸਭ ਗੁਣ ਸੰਪੰਨ ਭਾਈ ਜੀ ਸਨ । ਭਾਈ ਰਾਮ ਕਿਸ਼ਨ ਸ਼ਾਹਪੁਰ ਵਾਲਿਆਂ ਜਦ ਅਰਦਾਸ ਕੀਤੀ ਤਾਂ ਇਹ ਹੀ ਕਿਹਾ ਸੀ ਭਾਈ ਭਾਗ ਸਿੰਘ ਜੀ ਨੂੰ ਕਿ ਤੇਰੇ ਘਰ ਹੀਰਾ ਜਨਮ ਲਵੇਗਾ, ਧੰਨ ਗੁਰੂ ਨਾਨਕ ਕਹਿੰਦਾ ਰਹੋ । ਨਾਮ ਹੀ ਹੀਰਾ ਸਿੰਘ ਰੱਖਿਆ ਗਿਆ ਤੇ ਉਹਨਾਂ ਲੱਖਾਂ ਰਸਨਾਂ ਤੋਂ ਧੰਨ ਗੁਰੂ ਨਾਨਕ ਦੀ ਧੁਨ ਕਢਵਾਈ । ਸੁਰ ਗਿਆਨ ਤਾਂ ਹੈ ਹੀ ਸੀ ਪਰ ਰਸੀਲੀ ਰਚਨਾ ਤੋਂ ਜਦ ਕੀਰਤਨ ਸੁਣਾਂਦੇ ਤਾਂ ਹਜ਼ਾਰਾਂ ਦੀ ਬੈਠੀ ਸੰਗਤ ਕੀਲੀ ਹੀ ਜਾਂਦੀ । ਉਦਾਰ ਇਤਨੇ ਕਿ ਕੋਈ ਖਾਲਸਾ ਹਾਈ ਸਕੂਲ ਹੋਵੇਗਾ ਜਿਸ ਵਿਚ ਉਹਨਾਂ ਦੀ ਕਮਾਈ ਨਹੀਂ ਲੱਗੀ । ਜਦ ਗੁਰ ਇਤਿਹਾਸ ਭਾਈ ਹੀਰਾ ਸਿੰਘ ਜੀ ਸੁਣਾਉਂਦੇ ਤਾਂ ਇਤਿਹਾਸ ਸਾਹਮਣੇ ਦੁਹਰਾਇਆ ਜਾਂਦਾ ਦਿੱਸਦਾ । ਨਿਰਭੈ ਇਤਨੇ ਕਿ ਗੁਰ ਮਰਯਾਦਾ ਨਿਬਾਹਨ ਲਈ ਵਰਦੀਆ ਗੋਲੀਆਂ ਤੇ ਚਲਦੀਆਂ ਬਰਛੀਆਂ ਵਿਚ ਜਾਣ ਤੋਂ ਵੀ ਨਾ ਝਿਜਕਦੇ । ਭਾਈ ਵੀਰ ਸਿੰਘ ਜੀ ਨੇ ਠੀਕ ਕਿਹਾ ਸੀ ਕਿ ਇਤਨਾ ਅਸਰ ਤਾਂ ਭਾਈ ਹੀਰਾ ਸਿੰਘ ਜੀ ਦਾ ਪੈਂਦਾ ਹੈ ਕਿਉਂਕਿ ਉਹ ਗੁਰੂ ਦੇ ਸਿੱਖ ਹਨ, ਆਪਾ ਨਹੀਂ ਜਣਾਂਦੇ, ਜੀਵਨ ਕਥਨੀ ਅਨੁਸਾਰ ਹੈ, ਬਾਣੀ ਦੇ ਭਾਵ ਵਿਚ ਮਨ ਟਿਕਾ ਆਪ ਵਲਵਲੇ ਦੇ ਦੇਸ਼ ਚਲੇ ਜਾਂਦੇ ਤੇ ਸਰੋਤੇ ਆਪ-ਮੁਹਾਰੇ ਧੂਹੇ ਜਾਂਦੇ ।

ਨਨਕਾਣਾ ਸਾਹਿਬ ਦੇ ਸਾਕੇ ਦੀ ਖ਼ਬਰ ਸੁਣ ਕੇ ਉਸੇ ਦਿਨ ਸ੍ਰੀ ਨਨਕਾਣਾ ਸਾਹਿਬ ਪ੍ਰ ਜਾਣਾ, ਅਤੇ ਫਿਰ ਸ਼ਹੀਦਾਂ ਦੀਆਂ ਪਾਵਨ ਦੇਹਾਂ ਦੀ ਸੰਭਾਲ ਕਰ ਸਸਕਾਰ ਕਰਨਾ । ਸ਼ਹੀ ਬੀੜ ਵਿਚੋਂ ਹੱਥੀਂ ਠੰਢੀਆਂ ਹੋਈਆਂ ਗੋਲੀਆਂ ਕੱਢਣੀਆਂ ਤੇ ਕੀਰਤਨ ਕਰਨਾ, ਨਿਰਭੈ ਹੋਣ ਦੀ ਇਕ ਅਮਿਟ ਝਾਕੀ ਹੈ ।

ਇਕ ਪੱਖੋਂ ਦੇਖੋ ਤਾਂ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦਾ ਭਾਵਾਰਤ ਪ੍ਰਕਾਸ਼ਨੀ ਟੀਕਾ ਜੋ ਭਾਈ ਵੀਰ ਸਿੰਘ ਜੀ ਨੇ 14 ਹਿੱਸਿਆਂ ਵਿਚ ਕੀਤਾ, ਭਾਈ ਹੀਰਾ ਸਿੰਘ ਜੀ ਦੀ ਸਿੱਕ ਖਿੱਚ ਦਾ ਸਦਕਾ ਸੀ । ਭੂਮਿਕਾ ਵਿਚ ਭਾਈ ਵੀਰ ਸਿੰਘ ਜੀ ਲਿਖਦੇ ਹਨ :

"ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਸੰਨ 1925 ਨੂੰ ਤਿਆਰ ਹੋ ਗਿਆ ਅਤੇ ਜਦੋਂ ਇਹ ਵੀਚਾਰ ਹੋਈ ਕਿ ਗੁਰੂ ਪ੍ਰਤਾਪ ਸੂਰਜ ਗ੍ਰੰਥ ਨੂੰ ਪ੍ਰਯਾਵਾਂ ਕਰਕੇ ਛਾਪਿਆ ਜਾਏ ਤੇ ਜੇ ਕੁਝ ਸੱਜਣ ਇਸ ਗ੍ਰੰਥ ਨੂੰ ਲੈਣ ਦੇ ਚਾਹਵਾਨ ਹੋ ਜਾਣ ਤਾਂ ਕੰਮ ਆਰੰਭ ਕਰ ਦਿੱਤਾ ਜਾਏ ।

"ਇਹਨਾਂ ਦਿਨਾਂ ਵਿਚ ਪ੍ਰਸਿਧ ਭਾਈ ਹੀਰਾ ਸਿੰਘ ਜੀ ਰਾਗੀ ਸਾਡੇ ਪਾਸ ਟਿਕੇ ਹੋਏ ਸਨ । ਸਾਡੇ ਇਸ ਸੰਕਲਪ ਦਾ ਪਤਾ ਲੱਗਣ ਤੇ ਭਾਈ ਹੀਰਾ ਸਿੰਘ ਜੀ ਖ਼ੁਸ਼ ਹੋਏ । ਆਪ ਉਨ੍ਹੀਂ ਦਿਨੀਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚਾਰ ਰਹੇ ਸਨ, ਜਿਸ ਤੋਂ ਇਸ ਦੇ ਸਮਝਣ ਦੀਆਂ ਔਕੜਾਂ ਤੋਂ ਜਾਣੂ ਸਨ । ਆਪ ਆਖਣ ਲੱਗੇ ਕਿ ਇਸ ਗ੍ਰੰਥ ਨੂੰ ਵਿਚਾਰਦਿਆਂ ਸਚ ਮੁੱਚ ਬਹੁਤ ਮੁਸ਼ਕਲਾਂ ਪੈਂਦੀਆਂ ਹਨ, ਜੇ ਪ੍ਰਯਾਯ ਲੱਗ ਜਾਨ ਤਾਂ ਸੁਖੇਲਤਾ ਹੋ ਜਾਏਗੀ ।

"ਕੁਝ ਦਿਨਾਂ ਬਾਅਦ ਆਪ ਬਾਹਰ ਗਏ ਤਾਂ ਆ ਕੇ ਕਹਿਣ ਲੱਗੇ ਕਿ ਮੈਂ ਤਜਵੀਜ਼ ਕੀਤੇ ਪ੍ਰਯਾਵਾਂ ਵਾਲੇ ਗੁਰ ਪ੍ਰਤਾਪ ਸੂਰਜ ਗ੍ਰੰਥ ਬਾਬਤ ਜ਼ਿਕਰ ਕੀਤਾ ਹੈ, ਲੋਕੀਂ ਇਸ ਖ਼ਿਆਲ ਨਾਲ ਖ਼ੁਸ਼ ਹਨ । ਫਿਰ ਟੂਕ ਦਿੱਤੀ ਹੈ ਕਿ ਭਾਈ ਹੀਰਾ ਸਿੰਘ ਜੀ ਦੇ ਉਦਮ ਨਾਲ ਬਹੁਤ ਸਾਰੇ ਲੋਕਾਂ ਨੇ ਗ੍ਰੰਥ ਲੈਣਾ ਤਦੋਂ ਹੀ ਸਵੀਕਾਰ ਕਰ ਲਿਆ ਸੀ ।"

ਸੋ ਇਕ ਅਦੁਤੀ ਦੇਣ ਹੈ ਜਿਸ ਦਾ ਮੁਲ ਅਥਾਹ ਹੈ । ਜਿਸ ਚੰਦਨ ਦੇ ਚੌਰ ਦੇ ਅਸੀਂ ਤੋਸ਼ਾਖਾਨਾ ਸ੍ਰੀ ਦਰਬਾਰ ਸਾਹਿਬ ਵਿਚ ਦਰਸ਼ਨ ਕਰਦੇ ਹਾਂ, ਉਸ ਨੂੰ ਕਾਜ਼ੀ ਮੁਹੰਮਦ ਮਸਕੀਨ ਨੇ ਇਕ ਇਕ ਤਾਰ ਖਿੱਚ ਕੇ ਬਣਾਇਆ ਸੀ । ਉਸ ਤੇ ਭਾਈ ਸਾਹਿਬ ਜੀ ਦੇ ਗੁਣਾਂ ਦਾ ਅਜਿਹਾ ਪ੍ਰਭਾਵ ਪਿਆ ਕਿ ਉਹ ਉਨ੍ਹਾਂ ਦੇ ਨਾਲ ਹੀ ਉਹ ਚੌਰ ਸਰਬ ਸਾਂਝੇ ਸ੍ਰੀ ਦਰਬਾਰ ਸਾਹਿਬ ਭੇਟ ਕਰਨ ਆਇਆ । ਉਸ ਸਮੇਂ 'ਭਜਨ ਪ੍ਰਤਾਪ ਦਾ ਪੁੰਜ' ਭਾਈ ਸ਼ਾਮ ਸਿੰਘ ਜੀ ਆਖੇ ਜਾਂਦੇ ਸਨ, 'ਤੇਜ ਪ੍ਰਤਾਪ ਦਾ ਪੁੰਜ' ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਗਿਣੇ ਜਾਂਦੇ ਸਨ ਅਤੇ ਰਾਗ, ਰੰਗ, ਰਸ ਅਤੇ ਵੈਰਾਗ ਦਾ ਪੁੰਜ, ਭਾਈ ਹੀਰਾ ਸਿੰਘ ਜੀ ਗਿਣੇ ਜਾਂਦੇ ਸਨ ! ਉਨ੍ਹਾਂ ਦੇ ਅਕਾਲ ਚਲਾਣੇ ਤੇ ਇਹ ਹੀ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਲਿਖਿਆ ਸੀ । ਦਿਲ ਚੀਰਵੀਂ ਸ਼ਰਧਾਂਜਲੀ ਦੇਂਦੇ ਉਨ੍ਹਾਂ ਕਿਹਾ ਸੀ :

ਕੋਇਲ ਵਾਂਗੂ ਕੂਕਿਆ ਤੂੰ,
ਅਤੇ ਭਰਾਵਾ ਦੱਸਿਆ :
ਮਨੁੱਖ ਹੋਣਾ : ਬੱਸ ਮਿੱਠੀ ਅਵਾਜ਼ ਹੈ,

ਭਾਈ ਹੀਰਾ ਸਿੰਘ ਜੀ ਕਾਜ਼ੀ ਮੁਹੰਮਦ ਮਸਕੀਨ ਵੱਲੋਂ ਭੇਟ ਕੀਤੇ ਚੌਰ ਦੇ ਦਰਸ਼ਨ ਕਰਾਉਂਦੇ ਹੋਏ ।



ਡਾਕਟਰ ਬਲਬੀਰ ਸਿੰਘ ਜੀ ਨੇ ਇਕ ਥਾਵੇਂ ਲਿਖਿਆ ਹੈ ਕਿ ਭਾਈ ਮਰਦਾਨਾ ਰਬਾਬੀ ਨਹੀਂ, ਰਬਾਬ ਸੀ । ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਭਾਈ ਹੀਰਾ ਸਿੰਘ ਕੀਰਤਨੀਆ ਨਹੀਂ 'ਕੀਰਤਨ' ਹੀ ਸੀ ।

ਸੁਜਾਨ ਰਾਇ ਭੰਡਾਰੀ ਦੀ ਪੁਸਤਕ ਵਿਚੋਂ, ਜੋ ਉਸ ਨੇ ਤਿੰਨ ਸੌ ਸਾਲ ਪਹਿਲਾਂ ਲਿਖੀ ਸੀ, ਦੇ ਇਹ ਲਫ਼ਜ਼ ਮੈਂ ਅੱਜ ਦੁਹਰਾਣੇ ਹਨ :

"ਗੁਰੂ ਨਾਨਕ ਦੇ ਸਿੱਖ ਸਚ ਮੁੱਚ ਪੂਜਯ ਹੋਏ ਹਨ, ਵਾਕ ਸਤਾ ਵਾਲੇ ਤੇ ਤਪਸਵੀ ਹਨ । ਜਿਹਨਾ ਦੀਆਂ ਅਰਦਾਸਾਂ ਰੱਬ ਪ੍ਰਵਾਨ ਕਰਦਾ ਹੈ । ਇਹਨਾਂ ਦੀ ਪਾਠ ਪੂਜਾ ਕੇਵਲ ਗੁਰਬਾਣੀ ਦੀ ਵੀਚਾਰ ਹੈ, ਜਿਸ ਨੂੰ ਮਿੱਠੀ ਸੁਰ ਨਾਲ ਪੜ੍ਹਦੇ ਤੇ ਗਾਉਂਦੇ ਹਨ ।"

ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਾ ਰੂਪ ਹੀ ਇਹ ਹੈ ਕਿ ਸ਼ਾਸਤ੍ਰਾਂ ਤੋਂ ਮਨ ਚੁਕਿਆ ਜਾਵੇ, ਦਲੀਲ ਅਤੇ ਤਰਕ ਤੋਂ ਬੁੱਧੀ ਨੂੰ ਹਟਾ ਲਿਆ ਜਾਏ । ਮਨ ਨੂੰ ਸ਼ਬਦ ਕੀਰਤਨ ਨਾਲ ਇਸ ਤਰ੍ਹਾਂ ਰੰਗ ਲਿਆ ਜਾਏ ਕਿ ਸੁਰਤ ਵਿਚ ਸਤ ਸਰੂਪ ਪ੍ਰਮਾਤਮਾ ਪ੍ਰਤੱਖ ਹੋ ਜਾਏ :

"ਨਾਨਕ ਦਾਸ ਹਰਿ ਕੀਰਤਨ ਰਾਤਾ
ਸਬਦ ਸੁਰਤਿ ਸਚੁ ਸਾਖੀ ।" (ਸਾਰੰਗ ਮਹਲਾ 5)

# ਮੈਂ ਅੱਖੀਂ ਡਿੱਠਾ



ਭਾਈ ਹੀਰਾ ਸਿੰਘ)

ਬਾਬਾ ਪ੍ਰੇਮ ਸਿੰਘ ਹੋਤੀ

ਮੈਨੂੰ ਪਹਿਲੀ ਵੇਰ ਮਾਨ ਯੋਗ ਪੰਥ ਦੇ ਕੀਰਤਨੀਏ ਸ੍ਰੀਮਾਨ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਰਾਗੀ ਦੇ ਦਰਸ਼ਨ ਮਰਦਾਨ ਵਿਖੇ ਹੋਏ । ਇਸ ਸਮੇਂ ਅਜੇ ਆਪ ਦੇ ਮੁਖ ਮੰਡਲ ਪਰ ਮਸ ਨਾ ਸੀ ਫੁਟੀ । ਓਦੋਂ ਕਿਸੇ ਨੂੰ ਕੀ ਪਤਾ ਸੀ ਕਿ ਇਹ ਭੋਲਾ ਜਿਹਾ ਨੌਨਿਹਾਲ ਆਪਣੇ ਉੱਚ ਗੁਣਾਂ ਦੇ ਕਾਰਨ ਕਿਸੇ ਦਿਨ ਸਾਰੇ ਖਾਲਸਾ ਪੰਥ ਵਿਚ ਨਿਵਾਜਿਆ ਅਤੇ ਸਤਿਕਾਰਿਆ ਜਾਵੇਗਾ ।

ਇਸੇ ਦਿਨ ਮਾਨਯੋਗ ਸਰਦਾਰ ਬਹਾਦਰ ਡਾਕਟਰ ਦੀਵਾਨ ਸਿੰਘ ਜੀ ਦੀ ਕੋਠੀ ਕੀਰਤਨ ਹੋਇਆ । ਕੀਰਤਨ ਦੇ ਆਰੰਭ ਵਿਚ ਆਪ ਨੇ ਸਬਦ ਲਾਇਆ :

ਤੇਰੀਆ ਸਦਾ ਸਦਾ ਚਗਿਆਈਆ ॥

ਮੈ ਰਾਤਿ ਦਿਹੈ ਵਡਿਆਈਆਂ ॥

ਅਣਮੰਗਿਆ ਦਾਨੁ ਦੇਵਣਾ

ਕਹੁ ਨਾਨਕ ਸਚੁ ਸਮਾਲਿ ਜੀਉ ॥

ਇਸ ਸਮੇਂ ਭਾਈ ਭਾਗ ਸਿੰਘ ਜੀ ਤਾਂ ਇਸ ਯਤਨ ਵਿਚ ਸਨ ਕਿ ਮੇਰੇ ਪਹਿਲੇ ਕੀਰਤਨ ਦੇ ਹੁਨਰ ਦਾ ਪ੍ਰਭਾਵ ਸਰੋਤਿਆਂ ਦੇ ਮਨਾਂ ਵਿਚ ਐਸਾ ਛਾ ਜਾਏ ਕਿ ਉਹ ਵਾਹ ! ਵਾਹ ! ਕਰ ਉਠਣ । ਉਹ ਆਪਣਾ ਸੱਜਾ ਹੱਥ ਜਿਸ ਨਾਲ ਤਾਊਸ ਪਰ ਫੇਰਨ ਵਾਲਾ ਗਜ ਫੜਿਆ ਹੋਇਆ

ਸੀ, ਮੁੜ ਮੁੜ ਹੁਲਾਰ ਹੁਲਾਰ ਕੇ ਸੰਗਤਾਂ ਦੀ ਰੁਚੀ ਆਪਣੇ ਵਲ ਖਿਚਦੇ ਸਨ, ਪਰ ਕਾਕਾ ਹੀਰਾ ਸਿੰਘ ਜੀ ਕਿਸੇ ਹੋਰ ਰੰਗ ਵਿਚ ਸੀ । ਉਹ ਜਿਉਂ ਜਿਉਂ ਉਪ੍ਰੋਕਤ ਸ਼ਬਦ ਦੀਆਂ ਪੰਗਤੀਆਂ ਮੁਖ ਤੋਂ ਅਲਾਪਦਾ ਸੀ ਤਿਉਂ ਤਿਉਂ ਇਹ ਪ੍ਰਤੀਤ ਹੁੰਦਾ ਸੀ ਕਿ ਭਾਈ ਜੀ ਦੀ ਰਸਨਾ ਦੀ ਥਾਂ ਉਸ ਦਾ ਮਨ ਬੋਲ ਰਿਹਾ ਸੀ । ਆਪ ਦੀਆਂ ਹੰਝੂਆਈਆਂ ਅੱਖਾਂ ਛਲਕ ਰਹੀਆਂ ਸਨ ਤੇ ਇਹਨਾਂ ਤੋਂ ਤ੍ਰਪ ਤ੍ਰਪ ਮੋਤੀ ਕਿਰਦੇ ਜਾਂਦੇ ਸਨ ।

ਇਹ ਕੀਰਤਨ ਭਾਵੇਂ ਬਹੁਤਾ ਲੰਮਾ ਨਹੀਂ ਹੋਇਆ, ਪਰ ਆਪ ਦੀ ਅਸਰ ਭਰਪੂਰ ਤੇ ਮਿੱਠਤ ਭਰੀ ਕਥਨੀ ਸੁਣ ਕੇ, ਪਾਰਖੂ ਨਿਗਾਹ ਵਾਲਿਆਂ ਉਥੇ ਹੀ ਅਨੁਭਵ ਕਰ ਲਿਆ ਸੀ ਕਿ ਇਹ ਹੋਣਹਾਰ ਹੀਰਾ ਕਿਸੇ ਦਿਨ ਆਪਣੇ ਨਾਂ ਦੇ ਭਾਵ ਅਨੁਸਾਰ ਸਾਲਸ ਰਾਏ ਵਾਲਾ ਨਿਰਮੋਲਕ ਹੀਰਾ ਸਾਬਤ ਹੋਵੇਗਾ ।

ਹੋਤੀ ਵਿਚ ਕੀਰਤਨ ਕਰਦਿਆਂ ਆਪ ਨੂੰ ਅਜੇ ਥੋੜੇ ਦਿਨ ਹੀ ਹੋਏ ਸਨ ਕਿ ਇਥੇ ਇਕ ਵਿਲੱਖਣ ਘਟਨਾ ਵਾਪਰੀ । ਹੋਤੀ ਮਰਦਾਨ ਤੋਂ 12 ਮੀਲ ਦੀ ਵਾਟ ਪਰ ਗੈਰ ਇਲਾਕੇ ਦੇ ਬੰਨੇ ਦੇ ਨਾਲ ਇਕ ਨਿਕਾ ਜਿਹਾ ਪਿੰਡ ਵਸਦਾ ਸੀ, ਜਿਸ ਦਾ ਨਾਮ ਪਸ਼ਤੋ ਵਿਚ 'ਸੜਾਚੀਨਾ' (ਠੰਢਾ ਚੋਆ) ਸੀ । ਇਥੇ ਇਕ ਗਰੀਬ ਸਿਦਕੀ ਸਿੰਘ ਭਾਈ ਵਿਸਾਖਾ ਸਿੰਘ ਜੀ ਵਸਦਾ ਸੀ ਅਤੇ ਕੋਈ 9-10 ਘਰ ਅਨਮਤੀਆਂ ਦੇ ਵੀ ਸਨ । ਭਾਈ ਵਿਸਾਖਾ ਸਿੰਘ ਜੀ ਨੇ ਆਪਣੀ ਕੰਨਿਆ ਦਾ ਵਿਆਹ ਗੁਰਮਰਯਾਦਾ ਅਨੁਸਾਰ ਕਰਨ ਦਾ ਪ੍ਰਣ ਕੀਤਾ । ਪਿੰਡ ਦੇ ਹੋਰਨਾ ਵਸਨੀਕਾਂ ਨੂੰ ਜਦ ਭਾਈ ਜੀ ਦੇ ਇਸ ਇਰਾਦੇ ਦਾ ਪਤਾ ਲੱਗਾ ਤਾ ਉਹਨਾਂ ਭਾਈ ਵਿਸਾਖਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਸ ਨੇ ਆਪਣੀ ਲੜਕੀ ਦਾ ਵਿਆਹ ਕਦੇ ਕਿਸੇ ਨਵੇਂ ਤਰੀਕੇ ਨਾਲ ਕਰਵਾਇਆ ਤਾਂ ਲਾੜੇ ਅਤੇ ਗੁਰ-ਮਰਯਾਦਾ ਕਰਵਾਣ ਵਾਲੇ ਨੂੰ, ਗੈਰ ਇਲਾਕੇ ਦੇ ਪਠਾਣਾਂ ਦੀਆਂ ਗੋਲੀਆਂ ਨਾਲ ਉਡਵਾ ਦੇਵਾਂਗੇ ।

ਭਾਈ ਵਿਸਾਖਾ ਸਿੰਘ ਡਾਢਾ ਘਾਬਰਿਆ ਹੋਇਆ ਹੋਤੀ ਪਜਿਆ ਤੇ ਇਥੇ ਦੇ ਸੇਵਕਾਂ ਨੂੰ ਸਾਰੀ ਵਿਥਿਆ ਕਹਿ ਸੁਣਾਈ । ਭਾਈ ਜੀ ਦੇ ਭਰੋਸੇ ਨੂੰ ਦੇਖ ਕੇ ਹੋਤੀ ਦੇ ਸੇਵਕਾਂ ਨੇ, ਜਿਨ੍ਹਾਂ ਵਿਚ ਸ: ਅਤਰ ਸਿੰਘ ਜੀ ਰਈਸ, ਡਾਕਟਰ ਦੀਵਾਨ ਸਿੰਘ ਜੀ, ਭਾਈ ਸੰਤ ਸਿੰਘ ਜੀ ਭਾਈ ਖੇਮ ਸਿੰਘ ਜੀ ਗੜੀ ਕਪੂਰਾ ਅਤੇ ਦਾਸ ਵੀ ਸੀ ਇਹ ਫੈਸਲਾ ਕੀਤਾ ਕਿ ਭਾਵੇਂ ਕਝ ਵੀ ਮੁਸੀਬਤ ਸਾਹਮਣੇ ਆਏ ਇਹ ਆਨੰਦ ਕਾਰਜ ਜਰੂਰ ਗੁਰ ਮਰਯਾਦਾ ਅਨੁਸਾਰ ਕਰਵਾਣਾ ਹੈ ।

ਨਾਲ ਹੀ ਇਹ ਵੀ ਵਿਚਾਰ ਹੋਈ ਕਿ ਗੁਰਮਤਿ ਦੀ ਸ਼ਾਨ ਨੂੰ ਕਾਇਮ ਰੱਖਣ ਲਈ ਅਸੀਂ ਵੀ 10 ਕੁ ਰਫਲਾਏ ਆਪਣੇ ਪਠਾਣ ਦੋਸਤਾਂ ਨੂੰ ਨਾਲ ਲੈ ਜਾਈਏ । ਸੋ ਇਸ ਤਰ੍ਹਾਂ ਕੀਤਾ ਗਿਆ ।

## ਭਾਈ ਹੀਰਾ ਸਿੰਘ ਦਾ
## ਗੁਰੂ ਪਿਆਰ ਤੇ ਨਿਰਭੈਤਾ

ਸਾਡੇ ਤੁਰਨ ਤੋਂ ਪਹਿਲਾਂ ਕਿਸੇ ਤਰ੍ਹਾਂ ਭਾਈ ਹੀਰਾ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ । ਆਪ ਨੇ ਝਟ ਬੜੀ ਨਿਰਭੈਤਾ ਨਾਲ ਆਖਿਆ ਕਿ ਮੈਂ ਆਪ ਦੇ ਨਾਲ ਜਾਵਾਂਗਾ । ਅਸੀਂ ਨਹੀਂ ਸਾਂ ਚਾਹੁੰਦੇ ਕਿ ਭਾਈ ਸਾਹਿਬ ਜੀ ਨੂੰ ਕਿਸੇ ਖਤਰੇ ਵਿਚ ਪਾਈਏ, ਇਸ ਲਈ ਅਸਾਂ ਇਕ

ਦੋ ਵੇਰਾਂ ਨਾਲ ਟਾਲ ਦਿਤੀ, ਪਰ ਜਿਉਂ ਜਿਉਂ ਅਸੀਂ ਭਾਈ ਜੀ ਨੂੰ ਵਰਜਦੇ ਸਾਂ ਤਿਉਂ ਤਿਉਂ ਉਹ ਜਾਣ ਲਈ ਵਧੇਰਾ ਹਠ ਕਰਦੇ ਸਨ । ਛੇਕੜ ਉਹ ਸਾਡੇ ਨਾਲ ਸਣੇ ਜਥੇ ਦੇ ਜਾਣ ਲਈ ਤਿਆਰ ਹੋ ਗਏ, ਪਰ ਨਾਲ ਹੀ ਭਾਈ ਜੀ ਨੇ ਸਾਡੇ ਕੰਨ ਵਿਚ ਇਹ ਕਹਿ ਦਿਤਾ ਕਿ ਬਾਪੂ ਜੀ ਨੂੰ ਖਤਰੇ ਵਾਲੀ ਗੱਲ ਅਜੇ ਨਾ ਦਸੀਂ ।

ਉਨ੍ਹਾਂ ਦਿਨਾਂ ਵਿਚ ਮੋਟਰਾਂ ਅਜੇ ਪ੍ਰਚਲਤ ਨਹੀਂ ਸਨ ਹੋਈਆਂ । ਸੋ ਘੋੜਿਆਂ ਤੇ ਟਾਂਗਿਆਂ ਦਾ ਪ੍ਰਬੰਧ ਕਰ ਲਿਆ ਗਿਆ । ਰਾਤੋ ਰਾਤ ਸਫਰ ਪੂਰਾ ਕਰਕੇ ਅੰਮ੍ਰਿਤ ਵੇਲੇ ਅਸੀਂ ਸਾਰੇ ਯਾਤ੍ਰੀ ਇਲਾਕੇ ਦੀ ਸਰਹੱਦ ਪਰ ਪਹੁੰਚ ਗਏ ।

ਭਾਈ ਵਿਸਾਖਾ ਸਿੰਘ ਦੇ ਘਰ ਦੇ ਆਲੇ-ਦੁਆਲੇ ਨਾਲ ਮਾਰੇ ਹੋਏ ਬੰਦੂਕਚੀ ਪਠਾਣਾਂ ਨੂੰ ਖੜਾ ਕਰ ਦਿਤਾ । ਹਣ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ । ਇਹ ਪਾਵਨ ਬੀੜ ਅਸੀਂ ਹਤੀ ਤੋਂ ਨਾਲ ਲੈ ਗਏ ਸੀ । ਭਾਈ ਹੀਰਾ ਸਿੰਘ ਜੀ ਨੇ ਸੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਦਿਤਾ । ਉਸ ਦਿਨ ਇਹ ਗੁਣਕਾਰ ਕੀਰਤਨੀਆ ਅਗੰਮੀ ਰੰਗ ਵਿਚ ਸੀ । ਕੀਰਤਨ ਮਧਰਤਾ ਅਤੇ ਪਿਆਰ-ਰੁਚਿਤ ਵਿਆਖਿਆ ਸਰੋਤਿਆਂ ਪਰ ਜਾਦੂ ਦਾ ਅਸਰ ਕਰ ਰਹੀ ਸੀ । ਇਸ ਆਨੰਦ ਕਾਰਜ ਨੂੰ ਆਪਣੇ ਸਮੇਂ ਅਨੁਸਾਰ ਆਪਣੀ ਵਸ਼ਿਸ਼ਟ ਵਿਧੀ ਅਨੁਸਾਰ ਐਸੀ ਯੋਗਤਾ ਨਾਲ ਸੰਪੂਰਨ ਕੀਤਾ ਕਿ ਦੇਖਣ ਵਾਲੇ ਗਦ ਗਦ ਹੋ ਗਏ ।

## ਅਸਚਰਜ ਦ੍ਰਿਸ਼

ਜਦ ਭਾਈ ਹੀਰਾ ਸਿੰਘ ਜੀ ਕੀਰਤਨ ਕਰ ਰਹੇ ਸਨ ਤਾਂ ਪਿੰਡ ਦੇ ਵਿਰੋਧੀ ਧੜੇ ਵਲੋਂ ਚੌਧਰੀ 'ਮਹੇਸ਼ਾਮਲ' ਗੁਰ-ਮਰਯਾਦਾ ਦੇ ਵਿਆਹ ਦਾ ਤਮਾਸ਼ਾ ਦੇਖਣ ਲਈ, ਯਾ ਖਰੂਦ ਖੜਾ ਕਰਨ ਦੀ ਭਾਵਨਾ ਨਾਲ, ਮੰਹ-ਸਿਰ ਕੱਜ ਕੇ ਸੰਗਤ ਵਿਚ ਆ ਬੈਠਾ । ਭਾਈ ਸਾਹਿਬ ਜੀ ਦੇ ਅੰਮ੍ਰਿਤ ਕੀਰਤਨ ਤੇ ਪਵਿੱਤਰ ਗੁਰ-ਮਰਯਾਦਾ ਦਾ ਇਸ ਦੇ ਮਨ ਪਰ ਐਸਾ ਅਸਰ ਹੋਇਆ ਕਿ ਉਹ ਉਥੋਂ ਉਠ ਕੇ ਬਾਹਰ ਗਿਆ, ਫਿਰ ਥੋੜੇ ਸਮੇਂ ਵਿਚ ਆਪਣੇ ਧੜੇ ਦੇ ਹੋਰਨਾਂ ਸਾਥੀਆਂ ਨੂੰ ਨਾਲ ਲੈ ਕੇ ਦੀਵਾਨ ਵਿਚ ਆ ਗਿਆ ਤੇ ਹੱਥ ਜੋੜ ਕੇ ਸੰਗਤ ਵਿਚ ਖੜਾ ਹੋ ਗਿਆ ਅਤੇ ਕਹਿਣ ਲਗਾ ਕਿ ਜੇ ਗੁਰ-ਮਰਯਾਦਾ ਇਹ ਹੈ ਤਾਂ ਸਭ ਤੋਂ ਪਹਿਲਾਂ ਅਸੀਂ ਅੱਜ ਗੁਰ-ਮਰਯਾਦਾ ਦੇ ਧਾਰਨੀ ਹੋਣ ਦੀ ਪ੍ਰਤਿਗਿਆ ਕਰਦੇ ਹਾਂ !

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਸ ਸਫਲਤਾ ਦਾ ਭਾਈ ਹੀਰਾ ਸਿੰਘ ਜੀ ਦੇ ਮਨ ਪਰ ਐਸਾ ਪ੍ਰਭਾਵ ਪਿਆ ਕਿ ਆਪ ਦੇ ਚਿਹਰੇ ਦੀ ਲਸ ਲਸ ਕਰਦੀ ਲਾਲੀ ਅਤੱਲ ਨੂਰੀ ਸ਼ਕਲ ਵਿਚ ਪਲਟ ਲਈ । ਇਸ ਸਮੇਂ ਆਪ ਨੇ ਜਵਾਨੀ ਦੇ ਜੋਸ਼ ਵਿਚ ਐਸੇ ਗਰਜਵੇਂ ਜੈਕਾਰੇ ਗਜਾਏ, ਜਿਨ੍ਹਾਂ ਦੀ ਗੂੰਜ ਨਾਲ ਟਿਬੋਂ ਦੀਆਂ ਪਹਾੜੀਆਂ ਥੱਰਾ ਉਠੀਆਂ । ਇਹ ਸੀ ਆਪ ਦੇ ਅਮੋਲਕ ਕੀਰਤਨ ਦਾ ਅਸਰ ਜਿਸ ਦੇ ਸੁਣਨ ਨਾਲ ਕੱਟੜ ਵਿਰੋਧੀਆਂ ਦਾ ਸਾਰਾ ਪਿੰਡ, ਜਿਹੜੇ ਗੁਰ-ਮਰਯਾਦਾ ਕਰਨ ਵਾਲਿਆਂ ਨੂੰ ਗੋਲੀਆਂ ਨਾਲ ਉਡਾਉਣਾ ਚਾਹੁੰਦੇ ਸਨ, ਵੈਰੀਆਂ ਤੋਂ ਪਲਟ ਕੇ ਮਿੱਤਰ ਅਤੇ ਗੁਰੂ ਘਰ ਦੇ ਪਿਆਰ ਵਾਲੇ ਸ਼ਰਧਾਲੂ ਬਣ ਗਏ । ਇਹ ਹੈ ਆਪ ਦੇ ਸਫਲ ਜੀਵਨ ਦੀਆਂ ਅਣਗਿਣਤ ਘਟਨਾਵਾਂ ਵਿਚੋਂ ਇਕ ਘਟਨਾ ।

# एक आलौकिक घटना

डा. कर्म चन्द दिल्ली

यह घटना सन् 1922-23 की है। दिल्ली में हिन्दु-मुस्लिम दंगे हो रहे थे। गुरू पर्व का दिन था। सिख जलूस निकालना चाहते थे। सरकार आज्ञा देने से घबरा रही थी। परन्तु आज्ञा मिल की गई। जलूस शुरू हो गया। भाई हीरा सिंह जी भी आये हुए थे। फतहपुरी में, जो कि मुसलमान भाइयों का गढ़ था, वहां ऊपर खड़े होकर उन्होंने व्याख्यान किया। श्रोताओं में हिन्दु भी थे और मुसलमान भी काफी संख्या में थे। पता नहीं भाई साहिब जी की वाणी में क्या जादू था, कइयों की आँखों में आँसू झलक आए। कई वाह वाह कह उठे। भाई साहिब जी के थोड़े से शब्द मुझे भी याद हैं।उन्होंने कहा था :—

**ऐ मेरे अल्लाह के प्यारो, ऐ मेरे खुदा के बन्दो! अल्लाह के बन्दे कभी अल्लाह के बन्दों को भी मार सकते हैं? ऐ मेरे भाइयों! अल्लाह भी वही है, भगवान भी वही है; राम भी वही है, रहीम भी वही है; कर्त्ता भी वही है, करीम भी वही है। ये सभी उसी के नाम हैं।** ऐसा कहने के पश्चात उन्होंने हृदय को छू लेने वाली आवाज में यह शब्द गाना शुरू किया था :—

**कोई बोले राम राम, कोई खुदाए।**
**कोई सेवै गुसाइयां, कोई अलाहि॥**

भाई साहिब जी के मुंह से यह शब्द और व्याख्या सुनकर मुसलमान भाई कह रहे थे, "सुबहान सल्लाह! यह तो कोई वली अल्लाह है। हिन्दु भाई यह कह रहे थे कि यह तो रब्ब का कोई प्यारा भगत है।" मैं अपने मन में कह रहा था कि हरेक सिक्ख वली अल्लाह ही होता है, रब्ब का प्यारा भक्त ही होता है। परन्तु ऐसा सोचने वाले सिक्ख विरले ही होते हैं।

जिस समय भाई साहिब जी अपनी रसीली वाणी में हिन्दु-मुस्लमानों को प्रेम-प्यार से रहने के लिए कह रहे थे तो प्रबन्धक आगे बढ़ने के लिए सीटी पर सीटी बजा रहे थे। 'नहीं जाने देंगे' आवाज़ें उठी थीं। प्रबन्धकों को जन-समूह की मांग के आगे झुकना पड़ा था। ऐसे प्रतीत होता था कि जैसे भाई साहिब जादू कर रहे हों। उनकी रसीली वाणी द्वारा जैसे गुरू नानक ही बोल रहे हों।

*With best Compliments from :*

Vaahoo Photo Coulor

S. C. O. 1050, Sector 22-२

(Opp. Bus Stand) Chandigarh.

**ਵਿਸ਼ੇਸ਼ ਦੀਵਾਨ :-**

ਗੁਰਦੁਆਰਾ 37-ਬੀ, ਵਿੱਚ ਮਿਤੀ 30 ਜੁਲਾਈ ਨੂੰ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿੱਚ ਹਜ਼ੂਰੀ ਰਾਗੀ ਜੱਥਾ ਭਾਈ ਕੁਲਵਿੰਦਰ ਸਿੰਘ ਅਤੇ ਡਾਕਟਰ ਜਾਗੀਰ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਕੀਤਾ।

**ਗੁਰਪੁਰਬ :-**

ਗੁਰਦੁਆਰਾ ਸਾਹਿਬ ਸ਼ਾਹ ਪੁਰ ਸੈਕਟਰ 38, ਚੰਡੀਗੜ੍ਹ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਪੂਰਬਕ ਮਨਾਇਆ ਗਿਆ। ਸੰਗਤਾਂ ਨੇ ਹਜ਼ੂਰੀ ਰਾਗੀ ਜਥਾ ਭਾਈ ਜਸਬੀਰ ਸਿੰਘ ਦੇ ਕੀਰਤਨ ਤੋਂ ਇਲਾਵਾ ਭਾਈ ਬਖਸ਼ੀਸ਼ ਸਿੰਘ ਅਤੇ ਡਾਕਟਰ ਜਾਗੀਰ ਸਿੰਘ ਦੇ ਰਾਗੀ ਜੱਥੇ ਦੇ ਕੀਰਤਨ ਦਾ ਅਨੰਦ ਮਾਣਿਆਂ।

**ਤੀਜਾ ਸਾਲਾਨਾ ਦੀਵਾਨ :-**

ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਲੋਂ ਤੀਜਾ ਸਲਾਨਾ ਦੀਵਾਨ ਮਿਤੀ 27 ਅਗਸਤ 1989 ਨੂੰ ਆਯੋਜਿਤ ਕੀਤਾ ਗਿਆ ਇਸ ਵਿੱਚ ਭਾਈ ਜ਼ੋਰਾਵਰ ਸਿੰਘ ਅਤੇ ਡਾਕਟਰ ਜਾਗੀਰ ਸਿੰਘ ਚੰਡੀਗੜ੍ਹ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਡਾ. ਇਕਬਾਲ ਸਿੰਘ ਜੀ, ਇਕਬਾਲ ਨਰਸਿੰਗ ਹੋਮ ਵਾਲਿਆਂ ਨੇ ਇਨਾਮਾਂ ਦੀ ਵੰਡ ਕੀਤੀ।

**ਨਵੀਂ ਦਿੱਲੀ**– ਜੁਲਾਈ ਦੇ ਮਹੀਨੇ ਦਾ ਰਾਗਮਈ ਨਿਸ਼ਕਾਮ ਕੀਰਤਨ ਦਰਬਾਰ 29 ਜੁਲਾਈ ਨੂੰ ਗੁਰਦੁਆਰਾ ਬਲਾਕ ਨੰ: 1, ਰਾਜਿੰਦਰ ਨਗਰ, ਨਵੀਂ ਦਿੱਲੀ ਵਿਖੇ ਅਦਾਰਾ ਗੁਰਸਿੱਖ ਸੰਜੋਗ ਵਲੋਂ **ਸੰਗੀਤ ਮਹਾਵਿਦਿਆਲਾ** ਦੇ ਸਹਿਯੋਗ ਨਾਲ ਅਯੋਜਿਤ ਕੀਤਾ ਗਿਆ। ਗੁਰਦੁਆਰੇ ਦੇ ਹਾਲ ਦਾ ਭਰਿਆ ਹੋਣਾ ਇਨ੍ਹਾਂ ਮਾਸਕ ਕੀਰਤਨ ਦਰਬਾਰਾਂ ਦੀ ਲੜੀ ਦੀ ਸਫਲਤਾ ਦਾ ਸੂਚਕ ਸੀ। ਸਭ ਤੋਂ ਪਹਿਲਾਂ ਸ: ਤਰਲੋਕ ਸਿੰਘ ਜੀ ਨੇ **ਕੋਈ ਆਣ ਮਿਲਾਵੈ ਮੇਰਾ ਪ੍ਰੀਤਮ ਪਿਆਰਾ** ਸ਼ਬਦ ਆਪਣੇ ਸੁਰੀਲੇ ਗਲੇ ਨਾਲ ਗਾਇਆ। **ਸਾਧੋ ਮਨ ਕਾ ਮਾਨ।** ਸ਼ਬਦ ਕੰਵਲਜੀਤ ਕੌਰ, ਹਰਸ਼ਜੀਤ ਕੌਰ, ਗੁਰਪ੍ਰੀਤ ਕੌਰ, ਮਹਿੰਦਰ ਕੌਰ ਤੇ ਹਰਪ੍ਰੀਤ ਕੌਰ ਨੇ ਮਿਲ ਕੇ ਗਾਇਆ। ਸ੍ਰ. ਪਰਮਜੀਤ ਸਿੰਘ, ਭੂਪਿੰਦਰ ਸਿੰਘ ਤੇ ਅਮਰਜੀਤ ਸਿੰਘ ਨੇ ਮਿਲ ਕੇ – **ਪ੍ਰਭ ਡੋਰੀ ਹਾਥ ਤੁਮਾਰੇ** ਸ਼ਬਦ ਗਾਇਆ। ਇਨ੍ਹਾਂ ਤੋਂ ਉਪ੍ਰੰਤ ਬੀਬੀ ਹਰਵਿੰਦਰ ਕੌਰ, ਅਰਵਿੰਦ ਕੌਰ, ਰਬਿੰਦਰ ਕੌਰ ਤੇ ਰਵਿੰਦਰ ਕੌਰ ਨੇ ਮਿਲ ਕੇ ਰਾਗ ਕੇਦਾਰੇ 'ਚ **ਅੰਮ੍ਰਿਤ ਬਚਨ ਸਾਧ ਕੀ ਬਾਣੀ ॥** ਸ਼ਬਦ ਗਾਇਆ। **ਸੰਗੀਤ ਮਹਾ-ਵਿਦਿਆਲਾ** ਦੇ ਸੰਚਾਲਕ ਸ੍ਰ: ਜੀ. ਐਸ. ਸਰਦਾਰ ਅਤੇ ਉਨ੍ਹਾਂ ਦੇ ਸਪੁਤਰ ਕਾਕਾ ਤੇਜਿੰਦਰ ਸਿੰਘ ਨੇ ਮਿਲ ਕੇ ਰਾਗ ਮਲਹਾਰ ਚ ਗੁਰੂ ਨਾਨਕ ਸਾਹਿਬ ਰਚਿਤ ਬਾਰ੍ਹਾਂ-ਮਾਹ ਦੇ ਸ਼ਬਦ **ਸਾਵਣ ਸਰਸ ਮਨਾ ਘਣ ਵਰਸਹਿ ਰੁਤਿ ਆਏ ॥** ਦਾ ਰਸ-ਭਿੰਨਾ ਕੀਰਤਨ ਕੀਤਾ। ਅੰਤ 'ਚ ਗੁਰਦੁਆਰਾ ਬਲਾਕ ਨੰ: 33 ਰਾਜਿੰਦਰ ਨਗਰ ਦੇ ਕਾਕਾ ਹਰਪ੍ਰੀਤ ਸਿੰਘ ਨੇ ਸ਼ਬਦ **ਪ੍ਰਭ ਜੀ ਤੂੰ ਮੇਰੇ ਪ੍ਰਾਨ ਅਧਾਰੇ ॥** ਗਾਇਆ।

## ਸਥਾਪਨਾ ਸਮਾਗਮ ਅਤੇ ਸਨਮਾਨ ਸਮਾਰੋਹ

ਜਲੰਧਰ - ਚੀਫ ਖਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਦੁਆਰਾ ਗੁਰੂ ਤੇਗ ਬਹਾਦਰ ਸੈਂਟਰਲ ਟਾਊਨ ਜਲੰਧਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਜੀ ਦਾ 400 ਸਾਲਾ ਸਥਾਪਨਾ ਦਿਵਸ ਮਨਾਇਆ ਗਿਆ ।

ਪ੍ਰੋ. ਵਰਿਆਮ ਸਿੰਘ, ਪ੍ਰਿੰਸੀਪਲ ਲਾਭ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ, ਪ੍ਰੋ. ਹਰੀ ਸਿੰਘ, ਜੀ ਐਸ. ਸੋਹਣ ਸਿੰਘ ਆਦਿ ਬੁਲਾਰਿਆ ਨੇ ਸੰਗਤਾਂ ਨੂੰ ਸੰਬੋਧਨ ਕੀਤਾ ।

ਇਸ ਸਮਾਗਮ ਵਿੱਚ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਅਵਾਰਡ, ਭਾਈ ਹਰੀ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਨੂੰ, ਭਾਈ ਸਾਹਿਬ ਭਾਈ ਹੀਰਾ ਸਿੰਘ ਅਵਾਰਡ ਅਤੇ ਜੀ. ਐਸ. ਸੋਹਣ ਸਿੰਘ ਜੀ ਨੂੰ ਭਾਈ ਗਿਆਨ ਸਿੰਘ ਨਿਕਾਸ਼ ਅਵਾਰਡ ਨਾਲ ਸਨਮਾਨਤ ਕੀਤਾ ਗਿਆ ।

ਧਰਮ ਪ੍ਰਚਾਰ ਕਮੇਟੀ ਪਿਛਲੇ ਸਾਲਾਂ ਵਿੱਚ ਡਾ. ਜਾਗੀਰ ਸਿੰਘ ਚੰਡੀਗੜ੍ਹ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ, ਭਾਈ ਸ਼ਮਸ਼ੇਰ ਸਿੰਘ ਆਦਿ ਰਾਗੀਆਂ ਨੂੰ ਵੀ ਸ੍ਰੋਮਣੀ ਅਵਾਰਡ ਨਾਲ ਸਨਮਾਨਤ ਕਰ ਚੁੱਕੀ ਹੈ ।

ਸ੍ਰ. ਕਿਰਪਾਲ ਸਿੰਘ ਪ੍ਰਧਾਨ ਚੀਫ ਖਾਲਸਾ ਦੀਵਾਨ ਅਤੇ ਸ੍ਰ. ਭਾਗ ਸਿੰਘ 'ਅਣਖੀ' ਮੈਂਬਰ ਇੰਚਾਰਜ ਧਰਮ ਪ੍ਰਚਾਰ ਕਮੇਟੀ ਨੇ ਸ੍ਰ. ਜੀਵਨ ਸਿੰਘ ਪ੍ਰਧਾਨ ਅਤੇ ਸ੍ਰ. ਰਵੇਲ ਸਿੰਘ ਜਨਰਲ ਸਕੱਤਰ ਸ੍ਰੀ ਗੁਰੂ ਤੇਗ ਬਹਾਦਰ ਸੈਂਟਰਲ ਟਾਊਨ ਦੇ ਸਹਿਯੋਗ ਨਾਲ ਇਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਸੰਪੂਰਨ ਕੀਤਾ ।

*With best Compliments from :*

**FINORG CHEMICALS LTD.**

Office –1192 Sector 34-C, Chandigarh 160022

Tele Phone : 0172 40911

Works & Regd. Office :

FINORG COMLEX

(Village Banh Majra Kurali-Ropar—140 03 Pb.)

# GURU NANAK BAL ASHRAM WIDOWS HOME AND VOCATIONAL TRAINING INSTITUTE (Regd.)
## Sector-27-D, Chandigarh.

Adm. Office : 1051 Sec. 27-D, Chandigarh. Phone : 21787

## ਅਪੀਲ

1. ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਲੋੜਵੰਦ ਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਪੜ੍ਹਾਈ ਤੇ ਉਦਯੋਗੀ ਸਿੱਖਲਾਈ ਲਈ ਸੈਕਟਰ 27-ਡੀ, ਰਾਮਗੜ੍ਹੀਆ ਭਵਨ ਦੇ ਨਾਲ 3 ਕਨਾਲ ਜ਼ਮੀਨ ਖਰੀਦ ਕੇ ਉਪਰੋਕਤ ਨਾਮ ਦੀ Institute ਕਾਇਮ ਕੀਤੀ ਜਾ ਰਹੀ ਹੈ। ਇਸ ਸਿੱਖਲਾਈ ਕੇਂਦਰ ਵਿੱਚ ਧਾਰਮਕ ਵਿੱਦਿਆ, ਗੁਰਬਾਣੀ ਦਾ ਪਾਠ, ਸਿੱਖ ਇਤਿਹਾਸ ਦੀ ਪੜ੍ਹਾਈ ਤੇ ਗੁਰਮਤ ਸੰਗੀਤ ਸਿਖਾਣ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਬੱਚਿਆਂ ਨੂੰ ਆਪਣੇ ਪੈਰਾਂ ਖੜੇ ਕਰਨ ਤੇ ਉਨ੍ਹਾਂ ਨੂੰ ਚੰਗੇ ਮਨੁੱਖ ਬਨਾਉਣ ਦਾ ਉਪਰਾਲਾ ਕੀਤਾ ਜਾਵੇਗਾ।

2. ਮਿਥੇ ਅਰਸ਼ੇ ਅਨੁਸਾਰ ਬਿਲਡਿੰਗ ਦੀ ਪਹਿਲੀ ਮੰਜ਼ਲ ਦੇ ਕੁਝ ਹਿਸੇ ਕਰੀਬਨ 3600 ਵਰਗ ਫੁੱਟ ਦੀ ਉਸਾਰੀ ਕਰਕੇ ਛੱਤ ਪਾ ਲਈ ਗਈ ਹੈ। ਇਸ ਹਿਸੇ ਨੂੰ ਮੁਕੰਮਲ ਕਰਨ ਦਾ ਕੰਮ ਜਲਦੀ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਕਾਰਜ ਜੋ ਸੇਵਾ ਤੇ ਪਰਉਪਕਾਰ ਦਾ ਹੈ, ਪ੍ਰੇਮੀ ਤੇ ਦਾਨੀ ਸਜਣਾਂ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹਨਾ ਹੈ। ਇਸ ਲਈ ਸੰਸੁਥਾ ਦੇ ਮੈਂਬਰ ਬਣਨ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਚੰਦਾ ਇਸ ਪ੍ਰਕਾਰ ਹੈ—

ਜੀਵਨ ਮੈਂਬਰ 5000 ਰੁਪੈ ਇਹ ਰਕਮ ਇੱਕ ਸਾਲ ਵਿੱਚ ਕਿਸਤਾਂ ਵਿੱਚ ਵੀ ਦਿੱਤੀ ਜਾ ਸਕਦੀ ਹੈ।

ਮੈਂਬਰ 1100 ਰੁਪੈ ਸਹਾਇਕ ਮੈਂਬਰ 500 ਰੁਪੈ

3. ਦਾਨੀ ਸੱਜਣ ਪ੍ਰਬੰਧਕਾਂ ਦੀ ਖੁਸ਼ੀ ਦੇ ਪਾਤਰ ਹੋਣਗੇ ਜੇ ਇਸ ਬਾਲ ਆਸ਼ਰਮ ਦੀ ਸਹਾਇਤਾ ਹੇਠ ਲਿਖੇ ਢੰਗ ਨਾਲ ਵੀ ਕਰ ਸਕਣ।

ੳ) ਪੱਕੇ ਫੰਡ Endowment Fund ਵਿੱਚ ਮਾਇਆ ਭੇਜ ਕੇ, ਜੇ ਕਰ ਆਪ ਜੀ ਇੱਕ ਜਾਂ ਵੱਧ ਬੱਚਿਆਂ ਨੂੰ adopt ਕਰਨਾ ਚਾਹੋ ਤਾਂ ਉਨ੍ਹਾਂ ਦਾ ਖਰਚ ਇਸ ਦਿੱਤੀ ਮਾਇਆ ਦੇ ਸੂਦ ਨਾਲ ਕੀਤਾ ਜਾਵੇਗਾ।

ਅ) ਇਮਾਰਤ ਦੇ ਬਿਲਡਿੰਗ ਫੰਡ ਲਈ ਮਾਇਆ ਭੇਜ ਕੇ। ਘਟੋ-ਘੱਟ 20000 ਰੁ. ਦੀ ਲਾਗਤ ਨਾਲ ਇੱਕ ਕਮਰਾ ਆਪ ਜੀ ਦੇ ਨਾਮ ਬਣਾਇਆ ਜਾਵੇਗਾ।

ੲ) ਬੱਚਿਆਂ ਦੇ ਜਨਮ ਦਿਨ, ਵਿਆਹ ਸ਼ਾਦੀਆਂ ਆਦਿ ਖੁਸ਼ੀ, ਗਮੀ ਦੇ ਦਿਨ ਮਨਾਣ ਸਮੇਂ ਮਾਇਆ ਭੇਜ ਕੇ।

4. ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਤਨ ਮਨ ਧਨ ਦੀ ਸੇਵਾ ਕਰਕੇ ਪ੍ਰਬੰਧਕਾਂ ਨੂੰ ਧੰਨਵਾਦੀ ਬਣਾਓ ਤੇ ਇਸ ਸੇਵਾ ਦੇ ਕਾਰਜ ਨੂੰ ਸਿਰੇ ਚਾੜਨ ਲਈ ਸਹਾਈ ਹੋਵੋ ਮਾਇਆ ਨਕਦ ਜਾਂ Guru Nanak Bal Asharam, Widows Home & Vocational Training Institute ਦੇ ਨਾਮ ਚੈਕ ਜਾਂ ਡਰਾਫਟ ਰਾਹੀਂ ਭੇਜ ਸਕਦੇ ਹੋ।

ਹਰਬੰਸ ਸਿੰਘ ਚੀਫ ਜਸਟਿਸ (ਰੀ.) ਚੇਅਰਮੈਨ | **ਪ੍ਰਾਰਥਕ** | ਆਗਿਆਪਾਲ ਸਿੰਘ ਮੇਜਰ (ਰੀ.) ਸੈਕਰੇਟਰੀ (ਆਨਰੇਰੀ)

# ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ,

ਐਸ. ਸੀ. ਓ. ਨੰ: 289-91, ਸੈਕਟਰ 32-ਡੀ, ਚੰਡੀਗੜ੍ਹ

ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ ਦੁਆਰਾ ਵੱਖ-ਵੱਖ ਵਿਸ਼ਿਆਂ ਦੀਆਂ ਪੰਜਾਬੀ ਮਾਧਿਅਮ ਵਿਚ ਪ੍ਰਕਾਸ਼ਿਤ ਨਵੀਆਂ ਪੁਸਤਕਾਂ :—

| ਪੁਸਤਕ ਦਾ ਨਾਂ | ਲੇਖਕ ਦਾ ਨਾਂ | ਮੁੱਲ ਪ੍ਰਤੀ ਕਾਪੀ |
|---|---|---|
| ੳ) ਇਤਿਹਾਸ | | |
| 1. ਭਾਰਤ ਦਾ ਇਤਿਹਾਸ | ਪ੍ਰੋ: ਜੀ. ਐਸ. ਸੇਠੀ | 83.00 |
| ਅ) ਭੂਗੋਲ | | |
| 1. ਭੌਤਿਕ ਭੂਗੋਲ | ਪ੍ਰੋ: ਸੁਰਜੀਤ ਸਿੰਘ ਭਾਟੀਆ | 83.00 |
| ੲ) ਅਰਥ ਸ਼ਾਸਤਰ | | |
| 1. ਅਰਥ ਸ਼ਾਸਤਰ ਦੀ ਪਾਠ ਪੁਸਤਕ | ਪ੍ਰੋ: ਐਚ. ਆਰ ਗੁਪਤਾ | 57.50 |
| ਸ) ਸਾਹਿਤ | | |
| 1 ਸਾਡਾ ਵਿਰਸਾ | ਸ: ਸੁਰਜੀਤ ਸਿੰਘ ਮਿਨਿਹਾਸ | 15.00 |
| 2. ਜਵਾਹਰ ਲਾਲ ਨਹਿਰੂ ਦੇ ਅਮਰ ਵਿਚਾਰ | ਮੁਲਕ ਰਾਜ ਅਨੰਦ | 6.50 |
| 3. ਪ੍ਰਮਾਣਿਕ ਪੰਜਾਬੀ ਵਿਆ-ਕਰਣ | ਡਾ: ਹਰਕੀਰਤ ਸਿੰਘ | 51.00 |
| 4. ਨਾਟਕ ਦਾ ਨਿਰਦੇਸ਼ਨ | ਡਾ: ਆਤਮਜੀਤ ਸਿੰਘ | 26.00 |
| 5. ਸ੍ਰੀ ਹਰਿਮੰਦਰ ਸਾਹਿਬ | ਗਿਆਨੀ ਭਜਨ ਸਿੰਘ | 52.00 |

ਉਪਰੋਕਤ ਤੇ ਬੋਰਡ ਦੀਆਂ ਹੋਰ ਪ੍ਰਕਾਸ਼ਨਾਵਾਂ ਲੈਣ ਲਈ ਆਪਣੇ ਸ਼ਹਿਰ ਦੇ ਪੁਸਤਕ ਵਿਕਰੇਤਾ ਨੂੰ ਮਿਲੋ ਜਾਂ ਬੋਰਡ ਦੇ ਵਿਕਰੀ ਅਫਸਰ ਨੂੰ ਲਿਖੋ ।

(ਡਾ:) ਆਤਮਜੀਤ ਸਿੰਘ
ਡਾਇਰੈਕਟਰ


---

## 'ਅੰਮ੍ਰਿਤ ਕੀਰਤਨ' ਸੰਬੰਧੀ ਵੇਰਵਾ


| | | |
|---|---|---|
| 1. | ਪ੍ਰਕਾਸ਼ਨ ਦਾ ਸਥਾਨ— | 422 ਸੈਕਟਰ 15-ਏ, ਚੰਡੀਗੜ੍ਹ |
| 2. | ਛਪਣ ਦਾ ਸਮਾਂ— | ਮਾਸਿਕ |
| 3. | ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ— | ਡਾ: ਜਾਗੀਰ ਸਿੰਘ |
| 4. | ਮਾਲਕ— | ਪ੍ਰਧਾਨ, ਅੰਮ੍ਰਿਤ ਕੀਰਤਨ ਟ੍ਰਸਟ |
| 5. | ਕੌਮੀਅਤ — | ਭਾਰਤੀ |
| 6. | ਪਤਾ— | 422, ਸੈਕਟਰ 15-ਏ, ਚੰਡੀਗੜ੍ਹ— 160015 |

ਮੈਂ (ਡਾ:) ਜਾਗੀਰ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਿੱਤਾ ਵੇਰਵਾ, ਮੇਰੀ ਵਾਕਫੀਅਤ ਅਤੇ ਗਿਆਨ ਅਨੁਸਾਰ ਠੀਕ ਹੈ ।

ਸਹੀ —ਜਾਗੀਰ ਸਿੰਘ

With best compliments from :

Harbhajan Singh

JEAN JOINT

S. C. O. 57-58-59, Sector 17-C, Chandigarh.

DHIMAN RADIOS

Manufacturers of : ESKOM SPEAKERS

*Speciclist in Repairs of :*

VCR, Stereo, Tape-Recorders, Speakers, Microphones,
Amplifiers, Units Multimeters & MAGNET CHARGING

S.C.F. No. 43/4, Sector 18-D, CHANDIGARH

With best compliments from :

J. S. Sodhi

Sodhi Boot House

S. C. O. 68-70, Sector 17-C, Chandigarh.

### ਅੰਮ੍ਰਿਤ ਕੀਰਤਨ ਮੈਗਜ਼ੀਨ ਲਈ ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 1000 ਰੁ. |
| ਕਵਰ ਦਾ ਅੰਦਰਲਾ ਪੰਨਾ | 800 ਰੁ. |
| ਸਧਾਰਨ ਪੂਰਾ ਪੰਨਾ | 500 ਰੁ. |
| ਸਧਾਰਨ ਅੱਧਾ ਪੰਨਾ | 250 ਰੁ. |
| ਸਧਾਰਨ ਚੌਥਾਈ ਪੰਨਾ | 125 ਰੁ. |

ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਸਮੇਂ ਸ਼ਹੀਦੀ ਬੀੜ ਦਾ ਪ੍ਰਕਾਸ਼ ਕਰਕੇ ਸੰਗਤਾਂ ਨੂੰ ਪਹਿਲੇ ਦਰਸ਼ਨ ਕਰਾਉਂਦੇ ਹੋਏ



ਇਸ ਪਵਿਤਰ ਬੀੜ ਨੂੰ ਗੁਰਦੁਆਰਾ ਸੁਧਾਰ ਸਮੇਂ 20 ਫਰਵਰੀ 1921 ਵਾਲੇ ਦਿਨ ਭਾਈ ਲਛਮਣ ਸਿੰਘ ਜੀ ਆਦਿਕ ਪਿਆਰੇ ਸ਼ਹੀਦਾਂ ਦੇ ਨਾਲ ਮਹੰਤ ਨਰਾਇਣ ਦਾਸ ਦੇ ਜਰਵਾਣਿਆਂ ਹੱਥੋਂ ਜਨਮ ਅਸਥਾਨ ਵਿੱਚ ਗੋਲੀਆਂ ਲੱਗੀਆਂ ਸਨ। ਇਸ ਸਾਕੇ ਮਗਰੋਂ ਅਗਲੇ ਦਿਨ ਜਦ ਗੁਰਦੁਆਰੇ ਦੇ ਦਰਵਾਜ਼ੇ ਖੁੱਲੇ ਅਤੇ ਸੰਗਤਾਂ ਨੂੰ ਸ਼ਹੀਦ ਸਿੰਘਾਂ ਦੇ ਅੱਧ-ਭੁੱਨੇ ਸਰੀਰਾਂ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਬੀੜ, ਜੋ ਕਈ ਗੋਲੀਆ ਨਾਲ ਜ਼ਖਮੀ ਕੀਤੀ ਗਈ ਸੀ, ਦਾ ਪਹਿਲਾ ਪ੍ਰਕਾਸ਼ ਸ਼ਹੀਦ ਸਿੰਘਾਂ ਦੇ ਸਰੀਰਾਂ ਲਾਗੇ ਖੁਲ੍ਹੇ ਥਾਉਂ, ਭਾਈ ਹੀਰਾ ਸਿੰਘ ਜੀ ਨੇ ਕੀਤਾ ਸੀ।

# Hindustan Refrigeration Stores

2 & 4, NETAJI SUBHAS MARG, DARYAGANJ
NEW DELHI - 110002

Phones : 271152 & 271898 (PBX)
277725 & 277735

Res : 521273 & 5228
: CORKMAN

*Authorised Dealers :*

- Kirloskar Hermetric Compressors
- American Universal Electric Motors
  Monoblock Pumps.

- D fo ntrols and Switches
- Re ontrols and Relays
- Fre efrigerants
- Venus Water Heaters
- Tullu Water Pumps
- Culter Hammer Thermostarts & Switchgear
- Acmevac Vaccum Pumps
- KIM Brass, Steel Fittings & Valves
- Freezking Compressors

*Stockists & Manufacturers of :*

- Dry Ice & Liquid $CO_2$
- Liquid Ammonia
- Ammonia Valves & Compressors
- Copper tubing
- Deep Freezers
- Combination Coolers
- Ice Lolly & Cream Plants
- Water & Brine Chillers
- Dehumidifiers

- Igloo Churners
- Soft ice Cream Dispensers
- Sulphurid Oxide


ਡਾ. ਜਾਗੀਰ ਸਿੰਘ, ਪ੍ਰਿੰਟਰ ਤੇ ਪਬਲਿਸ਼ਰ ਨੇ ਰਿਧੀ ਪ੍ਰਿੰਟਿੰਗ ਪ੍ਰੈਸ ਕੋਠੀ ਨੰਬਰ 90 ਫੇਜ਼ 4, ਮੁਹਾਲੀ ਤੋਂ ਛਪਵਾ ਕੇ ਅੰਮ੍ਰਿਤ ਕੀਰਤਨ ਟ੍ਰਸਟ (ਰਜਿ.) ਲਈ 422, ਸੈਕਟਰ 15- ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।